# ਖ਼ੁਦਕੁਸ਼ੀ ਤੋਂ ਪਹਿਲਾਂ

(ਗ਼ਜ਼ਲ ਸੰਗ੍ਰਹਿ)

**ਏਸੇ ਕਲਮ ਤੋਂ :**

ਚੀਕ (ਗ਼ਜ਼ਲ ਸੰਗ੍ਰਹਿ)

# ਖ਼ੁਦਕੁਸ਼ੀ ਤੋਂ ਪਹਿਲਾਂ

(ਗ਼ਜ਼ਲ ਸੰਗ੍ਰਹਿ)

ਜਗਤਾਰ ਸਾਲਮ

ਵਰਤਮਾਨ ਪ੍ਰਕਾਸ਼ਨ
ਪਟਿਆਲਾ

**KHUDKUSHI TON PEHLAN**
Ghazals by

Jagtar Saalam
V.P.O. Dedhna, Teh. Patran,
Distt. Patiala (Pb.)
Contact : 97804-70386
Email: jagtar.saalam@rediffmail.com



| | | |
|---|---|---|
| ਕਾਪੀ ਰਾਈਟ | : | ਲੇਖਕ |
| ਪਹਿਲੀ ਵਾਰ | : | 2012 |
| ਪ੍ਰਕਾਸ਼ਕ | : | ਵਰਤਮਾਨ ਪ੍ਰਕਾਸ਼ਨ, ਪਟਿਆਲਾ<br>ਮੋਬਾ. ਨੰ: 98723-22348 |
| ਮੁੱਲ | : | 70:00 ਰੁਪਏ |

**ਸਮਰਪਿਤ**

ਪਿਤਾ ਸ੍ਰੀ ਨਰਾਤਾ ਰਾਮ ਅਤੇ ਮਾਤਾ ਕਮਲਾ ਦੇਵੀ ਜੀ ਨੂੰ

**ਵਿਸ਼ੇਸ਼ ਸਹਿਯੋਗ**

– ਵਿਕਰਮਜੀਤ ਸਿੰਘ ਬਾਜਵਾ

# ਤਰਤੀਬ

**ਮੌਲਿਕ ਕਾਵਿ-ਮੁਹਾਵਰੇ ਦਾ ਸਿਰਜਕ** **ਹਰਭਜਨ ਸਿੰਘ ਹੁੰਦਲ**


* ਬਹੁਤ ਕੁਝ ਹੁੰਦੈ ਭਰੇ ਦਰਬਾਰ ਵਿਚ 14
* ਜੀਣ ਜੋਗਾ ਕੁਝ ਕਦੇ ਕਰਿਆ ਨਹੀਂ 15
* ਸਮਝ ਨਹੀਂ ਆਉਂਦੀ ਇਸ ਅੰਦਰ ਕੈਸੀ ਖ਼ਾਹਿਸ਼ ਜਾਗੀ 16
* ਕੀ ਦੱਸਾਂ ਤੈਨੂੰ ਇਹ ਖੇਡ ਹੈ ਜ਼ੋਰਾਂ ਦੀ 17
* ਆਪਾ ਜਤਾਉਣ ਖਾਤਰ ਨਾ ਹੀ ਡਰਾਉਣ ਖਾਤਰ 18
* ਵੇਚ ਦੇਵਾਂ ਗੀਤ ਵਿਉਪਾਰੀ ਨਹੀਂ 19
* ਤੁਰਦਿਆਂ ਰਾਵ੍ਹਾਂ 'ਚ ਅਪਣਾ ਖ਼ਿਆਲ ਰੱਖੀਂ 20
* ਕੀ ਤੇਰੇ ਮਨ ਵਿੱਚ ਕਦੇ ਇਹ ਆਈ ਹੈ 21
* ਤਿਆਰੀ 'ਚ ਹੈ ਹਰ ਸਮੇਂ ਬਾਦਸ਼ਾਹੀ 23
* ਨਾ ਤਾਂ ਮੈਂ ਤਲਵਾਰ ਦਿਆਂ ਤੇ ਨਾ ਹੀ ਕਿਸੇ ਨੂੰ ਢਾਲ ਦਿਆਂ 24
* ਪਰਛਾਵੇਂ ਢਲ ਚੱਲੇ ਪਿਛਲਾ ਪਹਿਰ ਗਿਆ 25
* ਸਾਰਾ ਨਗਰ ਇਹ ਦੇਖ ਕੇ ਹੈਰਾਨ ਰਹਿ ਗਿਆ 26
* ਜਾਂ ਤਾਂ ਮੈਂ ਹੁਣ ਲੜਨ ਦੀ ਮਨ ਵਿਚ ਧਾਰ ਲਵਾਂ 27
* ਮੇਰੇ ਅੰਦਰ ਚੋਰ ਹੈ ਜਾਂ ਤੇਰੇ ਅੰਦਰ ਚੋਰ ਹੈ 28
* ਝੁਕਾਇਆ ਪਰ ਨਹੀਂ, ਜਿਸ ਸਿਰ ਕਟਾਇਆ ਹੈ 29
* ਏਸ ਤੋਂ ਪਹਿਲਾਂ ਕਵੀ ਨੂੰ ਮਾਰਦੇ 31
* ਉਸ ਦੇ ਮਨ 'ਤੇ ਕੀ ਪਤਾ ਕੀ ਬੀਤਦਾ ਹੈ 32
* ਕਰਦੇ ਨੇ ਬਸ! ਤਖ਼ਤਾਂ ਦੀ ਪਹਿਰੇਦਾਰੀ 33
* ਲੋਕ ਆਖਣ ਤੇਰੇ ਤੋਂ ਅਪਣੀ ਥਾਂ ਖੜਿਆ ਨਾ ਗਿਆ 35
* ਸਿਰਫ਼ ਸੁਲਗਣ ਦੀ ਹੀ ਦੋਸਤੋ! ਘਾਟ ਹੈ 36
* ਲੜਾਈ ਜਿੱਤੀ ਜਾਂ ਹਾਰੀ 37
* ਖ਼ਰੇ ਮੈਂ ਕਿਸ ਤਰਾਂ ਦਾ ਹੋ ਗਿਆਂ ਵਿਸ਼ਵਾਸ ਨੀਂ ਹੁੰਦਾ 38
* ਕੀ ਕਰੇਗਾ ਜੇ ਬਗ਼ਾਵਤ ਨਾ ਕਰੇਗਾ 39
* ਰਿਹਾ ਰੋਕਣ 'ਚ ਮੈਂ ਅੱਜ ਫੇਰ ਨਾਕਾਮ 40
* ਜੀਣ ਬਹਾਨੇ ਆਪਾਂ ਮਰ ਕੇ ਵੇਖ ਲਿਆ 41
* ਕੱਲ੍ਹ ਨੂੰ ਇਹ ਫਿਰ ਲੜਾਈ ਲੜਨਗੇ 42
* ਦੱਸ! ਕਿੱਥੋਂ ਸਿੱਖਿਆ ਤੂੰ 43
* ਕਿਸੇ ਦੀ ਜਿੱਤ ਦਾ ਤੇ ਨਾ ਕਿਸੇ ਦੀ ਹਾਰ ਦਾ ਕਿੱਸਾ 44
* ਲੈਣ ਤੁਰਿਆ ਸੀ ਖ਼ਬਰ ਸੰਸਾਰ ਦੀ 45
* ਸ਼ਿਕਾਰੀਆਂ ਨੂੰ ਏਸਦਾ ਰਤਾ ਵੀ ਨਾ ਗਿਆਨ ਹੈ 47
* ਮੈਨੂੰ ਜੋ ਪੀੜਾ ਉਹ ਤੈਨੂੰ ਤਾਂ ਹੋਵੇ 48
* ਘਰ ਕਿੱਥੇ ਹੈ ਯਾਰੋ! ਚਾਰਦੀਵਾਰੀ ਹੈ 49
* ਕੀ ਕਹੇ ਕੋਈ ਲੈ ਏਸ ਵਿਉਪਾਰ ਨੂੰ 51
* ਦੇਖਿਆ ਸਾਲਮ ਨੂੰ ਅਕਸਰ ਤੋੜ ਕੇ 52
* ਹੋਸ਼ ਰਤਾ ਵੀ ਹੈ ਤੈਨੂੰ ਕੀ ਹੋਇਆ ਹੈ 53
* ਨਾ ਚੋਰਾਂ ਕੋਲੋਂ ਤੇ ਨਾ ਹਥਿਆਰਾਂ ਤੋਂ ਡਰ ਲਗਦਾ ਹੈ 54
* ਦੇਖੋ! ਡਰਿਆ ਨਾ ਲਓ ਬਾਜ਼ੀ ਮਾਰ ਗਿਆ 55
* ਮੈਂ ਤਾਂ ਡਰਿਆ ਬੈਠਾ ਹਾਂ ਲੈ ਕੇ ਲੋਈ 56
* ਦਿਖਾ ਤੂੰ ਰੋਕ ਕੇ ਮੈਂ ਵਾਰ ਕਰਦਾ ਹਾਂ 57
* ਹੋਰ ਕੋਈ ਰਾਹ ਨਹੀਂ ਜਗਤਾਰ ਸਾਵੇਂ 58
* ਬਚ ਗਈ ਜਾਨ ਲੈ ਅੱਜ ਫਿਰ ਸਰ ਗਿਆ 59
* ਖ਼ਿਆਲਾਂ ਨੂੰ ਤੂੰ ਏਦਾਂ ਕੈਦ ਨਾ ਕਰਿਆ ਕਰ 60
* ਦਿੱਲੀ ਤੀਕਰ ਰਾਹ ਵਿਚ ਭਾਵੇਂ ਨੂਰ ਨਹੀਂ 61
* ਉਹ ਕਹੇਗਾ ਜੋ ਤੇਰੇ ਲਈ ਠੀਕ ਹੈ 62
* ਕੀ ਹਾਂ ਤੇ ਮੇਰੀ ਕੀ ਬਣ ਗਈ ਹੈ ਛਬੀ 63
* ਵਕਤ ਕਟਦਾ ਨਹੀਂ ਦੋਸਤੋ! ਸ਼ਹਿਰ ਵਿਚ 64
* ਮੈਂ ਇਹੀ ਸੋਚਾਂ ਹਮੇਸ਼ਾ ਇਉਂ ਕਦੋਂ ਤੀਕਰ ਸਰੇਗਾ 65
* ਪੰਛੀਓ! ਰੱਖਣਾ ਯਾਦ ਖ਼ੁਦ ਥਹੁ ਪਤਾ 66
* ਧੌਣ ਮੇਰੀ 'ਤੇ ਤਿਰੀ ਤਲਵਾਰ ਹੋਵੇ 67
* ਫੇਰ ਜ਼ਖ਼ਮੀ ਪੰਛੀਆਂ ਦੀ ਡਾਰ ਆਈ 68
* ਮੇਰੇ ਅੰਦਰ ਜੋ ਕਵੀ ਹੈ ਓਸ ਤੋਂ ਕੁਝ ਜਰ ਨ ਹੋਵੇ 69
* ਲਓ ਦੇਖੋ! ਮਿਰੇ ਗੀਤਾਂ ਦੇ ਉੱਤੇ ਦਾਮ ਲਗਦਾ ਹੈ 70
* ਅੰਬਰੋਂ ਵੱਡਾ ਵੀ ਭਾਵੇਂ ਜਾਲ਼ ਹੁੰਦਾ 71
* ਫੜ ਲਿਆ ਹੈ ਹੋਰ ਬੰਦਾ ਹੋਰ ਅੰਦਰ 72
* ਦਿਨੇ ਦਸ ਕੀ ਕੀ ਤੂੰ ਕੀਤਾ ਕਿ ਇਕ ਇਕ ਬਾਤ ਪੁਛਦੀ ਹੈ 73
* ਫਿਰ ਤੈਨੂੰ ਅਪਣੇ ਹੀ ਦਿਲ ਦੀ ਸਾਰ ਨਹੀਂ 74
* ਜੰਗਲ ਡਰਿਆ ਜਿਹਾ ਦਿਖਾਈ ਦਿੰਦਾ ਹੈ 75

| | | |
|---|---|---|
| * | ਬਚ ਗਿਆ ਜੇ ਇਹ ਤੂਫ਼ਾਨ ਤੋਂ ਫੇਰ ਕੀ | 76 |
| * | ਸੁਣੋ ! ਰਾਜਾ ਕਿਹਾ ਫ਼ੁਰਮਾਨ ਦਿੰਦਾ ਹੈ | 77 |
| * | ਧੌਣ ਤੇਰੀ 'ਤੇ ਜੇ ਇਉਂ ਕਿਰਪਾਨ ਹੋਵੇ | 78 |
| * | ਤੈਨੂੰ ਵੀ ਇਸਦਾ ਪਤਾ ਹੈ ਮੈਨੂੰ ਵੀ ਅਹਿਸਾਸ ਹੈ | 79 |
| * | ਦਬਾਈਆਂ ਅਵਾਜ਼ਾਂ ਨਾਲ ਹੀ ਸੰਵਾਦ ਕਰਦਾ ਹਾਂ | 80 |
| * | ਦਿੱਲੀ ਜਿਸ ਬੰਦੇ ਦੀ ਹਾਮੀ ਭਰਦਾ ਹੈ | 81 |
| * | ਗ਼ਜ਼ਲ ਕਰਕੇ ਹੀ ਹਰ ਇਲਜ਼ਾਮ ਆਇਆ ਹੈ | 83 |
| * | ਹਾਲ ਪੁੱਛੋ ! ਜੇ ਕਿਸੇ ਨੂੰ ਫੇਰ ਵੀ ਨੀਂ ਬੋਲਦਾ | 84 |
| * | ਮਨ ਬੜ੍ਹਾ ਬੇਚੈਨ ਬੇਆਰਾਮ ਹੈ | 85 |
| * | ਫ਼ਰਜ਼ ਤਾਂ ਬਣਦੈ ਮਿਰਾ ਕੁਝ ਕਰਨ ਦਾ | 86 |
| * | ਕੀ ਪਤਾ ਏਸਨੂੰ ਇਹ ਤਾਂ ਬੇਹੋਸ਼ ਹੈ | 87 |
| * | ਹੋ ਗਿਆ ਹੈ ਜ਼ਹਿਰ ਜੋ ਉਹ ਆਬ ਹਾਂ | 88 |
| * | ਦਸਦਿਆਂ ਡਰ ਲੱਗਦੈ ਪਰਭਾਤ ਨੂੰ | 89 |
| * | ਜਦੋਂ ਵੀ ਚੀਕਦੀ ਹੈ ਚੁਪ ਕਰਾ ਦਿਆਂ ਜ਼ਮੀਰ ਨੂੰ | 90 |
| * | ਕਿੰਨਾ ਡਰਦੈ ਹਾਕਮ ਦੀਆਂ ਮਨਾਹੀਆਂ ਤੋਂ | 91 |
| * | ਵਕਤ ਵੀ ਤਖ਼ਤ ਵੀ ਸਭ ਤਿਰੇ ਨਾਲ ਹੈ | 92 |
| * | ਮਨ 'ਚ ਜਿਹੜੀ ਉੱਛਲੀ ਉਹ ਲਹਿਰ ਹੈ | 93 |
| * | ਦੱਸੋ ! ਹੋਰ ਮੈਂ ਕੀ ਹਾਂ ਜੇਕਰ ਦਾਸ ਨਹੀਂ | 94 |
| * | ਜੋਰ ਸੀ ਜਿੰਨਾ ਕੁ ਓਨਾ ਜੀ ਗਿਆ | 95 |
| * | ਕੀ ਦੱਸਾਂ ਜਦ ਪੀੜ ਗ਼ਜ਼ਲ ਵਿਚ ਢਲਦੀ ਹੈ | 96 |
| * | ਮੇਰੇ ਕੋਲ ਸਾਜ਼ ਹੈ ਜੇਕਰ ਤਾਜ ਨਹੀਂ | 97 |
| * | ਇਉਂ ਕਿਵੇਂ ਝੂਠੀ ਕਹਾਣੀ ਕਹਿ ਦਿਆਂ | 98 |
| * | ਆਸ ਜੇਕਰ ਕੋਈ ਵੀ ਨਜ਼ਰ ਆਏ ਨਾ | 99 |
| * | ਝੁਕ ਗਿਆ ਸੀ ਰੁੱਖ ਭਾਵੇਂ ਵਕਤ ਸਾਵੇਂ | 100 |
| * | ਉਠ ਜਾਵਣ ਦੇ ਸੀਨੇ ਅੰਦਰ ਲਹਿਰ ਜ਼ਰਾ | 101 |
| * | ਜਾਂਦੇ ਵਾਰੀ ਹੌਕਾ ਭਰਨਾ ਬਾਕੀ ਹੈ | 102 |
| * | ਦੱਸ ! ਕੀ ਜੀਣ ਹੈ ਡਰਦਿਆਂ ਡਰਦਿਆਂ | 103 |
| * | ਮਨ 'ਚ ਸੀ ਜਿਹੜਾ ਕਦੇ ਅਹਿਸਾਸ ਲਿਖਿਆ ਨਾ ਗਿਆ | 104 |
| * | ਨਾ ਬਹਿ ਹੁੰਦਾ ਹੈ, ਮੈਥੋਂ ਚੁਪ ਹੋ ਕੇ | 105 |
| * | ਮੈਂ ਹਾਂ ਪੱਥਰ ਨੀਂਹ ਦਾ ਉਹ ਨੀਰ ਹੈ | 106 |
| * | ਤੁਹਾਡੇ ਲਈ......... | 107-108 |


# ਮੌਲਿਕ ਕਾਵਿ-ਮੁਹਾਵਰੇ ਦਾ ਸਿਰਜਕ

ਪੰਜਾਬੀ ਕਾਵਿ-ਖੇਤਰ ਵਿਚ ਗ਼ਜ਼ਲ ਕਾਵਿ-ਰੂਪ ਹੁਣ ਸਰਬ-ਪ੍ਰਵਾਨਿਤ ਹੋ ਚੁੱਕਾ ਪ੍ਰਤੀਤ ਹੁੰਦਾ ਹੈ। ਹੁਣ ਇਸਦੀ ਸਫਲਤਾ/ਅਸਫਲਤਾ ਬਾਰੇ ਖ਼ਦਸ਼ਿਆਂ ਦਾ ਪ੍ਰਗਟਾਵਾ ਵੀ ਘਟਦਾ ਜਾ ਰਿਹਾ ਹੈ। ਕੁਝ ਦਹਾਕੇ ਪਹਿਲਾਂ ਮੁੱਖ ਖ਼ਦਸ਼ਾ ਇਹ ਪ੍ਰਗਟਾਇਆ ਜਾਂਦਾ ਸੀ ਕਿ ਉਰਦੂ ਪੜ੍ਹੇ ਬਗ਼ੈਰ ਪੰਜਾਬੀ ਵਿੱਚ ਚੰਗੀ ਗ਼ਜ਼ਲ ਨਹੀਂ ਲਿਖੀ ਜਾ ਸਕਦੀ। ਹੌਲੀ-ਹੌਲੀ ਇਹ ਤੌਖ਼ਲਾ ਦੂਰ ਹੋ ਚੁੱਕਾ ਹੈ। ਨਵੇਂ ਪੰਜਾਬੀ ਗ਼ਜ਼ਲਗੋ ਚੰਗੀ ਗ਼ਜ਼ਲ ਲਿਖ ਰਹੇ ਹਨ ਤੇ ਬਗ਼ੈਰ ਉਰਦੂ ਭਾਸ਼ਾ ਸਿੱਖੇ ਲਿਖ ਰਹੇ ਹਨ।

ਦੂਸਰਾ ਤੌਖ਼ਲਾ ਪਰੰਪਰਾਵਾਦੀ ਗ਼ਜ਼ਲ ਲਿਖਣ ਵਾਲਿਆਂ ਵੱਲੋਂ ਇਹ ਪ੍ਰਗਟ ਕੀਤਾ ਜਾਂਦਾ ਸੀ ਕਿ ਸ਼ਰਾਬਖ਼ਾਨੇ ਨਾਲ ਸਬੰਧਤ ਰਵਾਇਤੀ ਭਾਂਤ ਦੀ ਅਰਬੀ-ਫ਼ਾਰਸੀ ਦੀ ਪ੍ਰਤੀਕਾਵਲੀ ਬਗ਼ੈਰ ਗ਼ਜ਼ਲ ਦਾ ਪ੍ਰਭਾਵ ਸਿਰਜਿਆ ਜਾਣਾ ਅਸੰਭਵ ਹੈ। ਹੁਣ ਅਜਿਹੇ ਖ਼ਦਸ਼ਿਆਂ ਦੀ ਪੰਜਾਬੀ ਵਿੱਚ ਕੋਈ ਥਾਂ ਰਹਿ ਨਹੀਂ ਗਈ। ਨਿੱਤ ਨਵੇਂ ਉਠ ਰਹੇ ਗ਼ਜ਼ਲਗੋ ਪੰਜਾਬੀ ਵਿੱਚ ਨਿਰੋਲ ਇਸ ਧਰਤੀ ਤੇ ਇਸਦੇ ਪ੍ਰਕਿਰਤਕ ਅਤੇ ਸਮਾਜਕ ਚੌਗਿਰਦੇ ਅਥਵਾ ਪੰਜਾਬੀ ਸੱਭਿਆਚਾਰ ਵਿੱਚੋਂ ਪ੍ਰਤੀਕ ਤੇ ਬਿੰਬ ਸਿਰਜ ਕੇ ਨਵੀਂ ਨਕੋਰ ਗ਼ਜ਼ਲ ਲਿਖ ਰਹੇ ਹਨ।

ਇੱਕ ਤੀਸਰਾ ਰਿਵਾਜ ਇਹ ਵੀ ਪ੍ਰਚਲਿਤ ਕੀਤਾ ਗਿਆ ਸੀ ਕਿ ਪਰਪੱਕ ਉਸਤਾਦਾਂ ਦੀ ਇਸਲਾਹ ਤੋਂ ਬਗ਼ੈਰ ਬੇ-ਐਬ ਤੇ ਬੇ-ਨੁਕਸ ਗ਼ਜ਼ਲ ਲਿਖਣੀ ਅਸੰਭਵ ਹੈ। ਉਸਤਾਦੀ ਸ਼ਾਗਿਰਦੀ ਦੀ ਇਹ ਪਰੰਪਰਾ ਸ਼ਾਇਦ ਕੁੱਝ ਦਹਾਕੇ ਪਹਿਲਾਂ ਜਰੂਰੀ ਵੀ ਸਮਝੀ ਜਾਂਦੀ ਹੋਵੇਗੀ ਪਰ ਹੌਲੀ-ਹੌਲੀ ਨਵੇਂ ਉਠਦੇ ਗ਼ਜ਼ਲ ਲੇਖਕ ਇਸ ਪਰੰਪਰਾ ਤੋਂ ਬਾਗ਼ੀ ਹੋ ਕੇ ਖ਼ੁਦ ਹੀ ਗ਼ਜ਼ਲ ਦੇ ਕਾਵਿ-ਸ਼ਾਸਤਰ ਤੋਂ ਵਾਕਿਫ਼ ਹੋ ਰਹੇ ਹਨ, ਜਾਂ ਫਿਰ ਉਹ ਆਪਣੇ ਨਿੱਜੀ ਅਧਿਐਨ, ਲੋੜੀਂਦੇ ਅਭਿਆਸ, ਦੋਸਤਾਂ-ਮਿੱਤਰਾਂ ਤੇ ਕਵੀਆਂ ਦੀ ਪ੍ਰੇਰਨਾ ਅਤੇ ਸਾਹਿਤ ਸਭਾਵਾਂ ਤੇ ਕਲਾ ਸੰਗਠਨਾਂ ਰਾਹੀਂ ਲੋੜੀਂਦੀ ਅਗਵਾਈ ਤੇ ਸਿਖਲਾਈ ਪ੍ਰਾਪਤ ਕਰਕੇ ਗ਼ਜ਼ਲ ਖੇਤਰ ਵਿੱਚ ਪ੍ਰਵੇਸ਼ ਕਰ ਰਹੇ ਹਨ। ਉਂਝ ਵੀ ਪੁਰਾਣੇ ਉਸਤਾਦਾਂ ਕੋਲ ਦੱਸਣ ਲਈ ਕੇਵਲ ਘਸੇ-ਪਿਟੇ ਤੇ ਵੇਲਾ ਵਿਹਾ ਚੁੱਕੇ ਅਰਬੀ-ਫ਼ਾਰਸੀ ਦੇ ਫ਼ਾਰਮੂਲੇ ਹੀ ਹੁੰਦੇ ਸਨ ਤੇ ਵੇਖਣ ਵਿੱਚ ਆਉਂਦਾ ਸੀ ਕਿ ਅਜਿਹੇ ਉਸਤਾਦ ਖ਼ੁਦ ਵੱਡੇ ਸ਼ਾਇਰ ਘੱਟ ਹੀ ਹੁੰਦੇ ਸਨ। ਉਨ੍ਹਾਂ ਕੋਲ ਉਰਦੂ ਜ਼ੁਬਾਨ ਦਾ ਕੁੱਝ ਗਿਆਨ ਤਾਂ ਹੁੰਦਾ ਹੋਵੇਗਾ ਪਰ ਉਨ੍ਹਾਂ ਕੋਲ ਸਮੇਂ ਅਨੁਕੂਲ ਨਵੀਂ ਵਿਚਾਰਧਾਰਾ ਦੇ ਨਾਲ-ਨਾਲ ਉੱਚੀ ਕਲਪਣਾ ਉਡਾਨ ਘੱਟ ਹੀ ਹੁੰਦੀ ਸੀ, ਥੋੜ੍ਹੀ ਬਹੁਤ ਟੁੱਟੀ-ਭੱਜੀ ਅਗਵਾਈ ਦੇਣ ਦੇ ਪੱਜ ਉਹ ਨਵੇਂ ਉਠਦੇ ਸ਼ਾਇਰਾਂ ਨੂੰ ਉਮਰ ਭਰ ਲਈ ਆਪਣੇ ਸੇਵਕ ਅਥਵਾ ਚਮਚੇ ਬਣਾ ਕੇ ਆਪ ਸਾਹਿਤ ਦੇ ਖੇਤਰ ਵਿੱਚ ਤੀਸ ਮਾਰ ਖਾਂ ਬਣੇ ਫਿਰਦੇ ਰਹਿੰਦੇ ਸਨ। ਇਹ ਉਸਤਾਦ ਨਵੇਂ ਚੇਲੇ ਨੂੰ ਕੇਵਲ ਆਪਣੀ ਕਾਰਬਨ ਕਾਪੀ ਹੀ ਬਣਾ ਸਕਦੇ ਸਨ, ਆਪਣੇ ਤੋਂ ਬਿਹਤਰ ਕਵੀ ਨਹੀਂ। ਹੁਣ ਉਹ ਵੇਲੇ ਲੰਘ ਚੁੱਕੇ ਹਨ ਪੰਜਾਬੀ ਵਿੱਚ ਨਿੱਤ ਨਵੇਂ ਸ਼ਾਇਰ

ਉਗਮ-ਵਿਗਸ ਤੇ ਪ੍ਰਵਾਨ ਚੜ ਰਹੇ ਹਨ, ਜਿਨ੍ਹਾਂ ਕੋਲ ਅਜਿਹੀ ਪਰੰਪਰਾਵਾਦੀ ਸਿਖਲਾਈ ਦੇ ਅਖੌਤੀ ਸਰਟੀਫਿਕੇਟ ਨਹੀਂ ਹੁੰਦੇ। ਉਹ ਆਪ ਹੀ ਸ਼ਾਗਿਰਦ ਤੇ ਆਪ ਹੀ ਉਸਤਾਦ ਅਥਵਾ ਸਵੈ-ਸਿੱਖਿਅਤ ਸ਼ਾਇਰ ਹਨ, ਕਿਉਂਕਿ ਨਵੀਂ ਪ੍ਰਤਿਭਾ ਦੇ ਮਾਲਕ ਸ਼ਾਇਰ ਸਭ ਪੁਰਾਣੇ ਬੰਧਨ ਤੋੜ ਆਪਣੀ ਕਲਾ ਕੌਸ਼ਲਤਾ ਸਦਕਾ ਸਾਹਿਤ ਵਿੱਚ ਪ੍ਰਵੇਸ਼ ਕਰਕੇ ਪ੍ਰਵਾਨ ਚੜ ਰਹੇ ਹਨ।

ਇਹਨਾਂ ਨਵੇਂ ਉੱਠੇ ਸ਼ਾਇਰਾਂ ਵਿੱਚ ਇੱਕ ਨਵਾਂ ਨਾਂ ਜਗਤਾਰ ਸਾਲਮ ਦਾ ਹੈ। ਮੈਂ ਉਸਦਾ ਗ਼ਜ਼ਲ ਸੰਗ੍ਰਹਿ ਪੜ੍ਹ ਕੇ ਹੈਰਾਨ ਹੋਇਆ ਹਾਂ, ਜਿਵੇਂ ਉਸ ਉੱਤੇ ਕਿਸੇ ਵੀ ਸਮਕਾਲੀ ਜਾਂ ਪੂਰਵਕਾਲੀ ਸ਼ਾਇਰ ਦਾ ਕੋਈ ਸਪੱਸਟ ਪ੍ਰਭਾਵ ਨਾ ਹੋਵੇ, ਜਿਵੇਂ ਉਹ ਆਪਣੇ ਬੋਲ, ਆਪਣਾ ਸੱਜਰਾ ਤੇ ਵੱਖਰਾ ਅਨੁਭਵ-ਖਜ਼ਾਨਾ ਪਹਿਲੀ ਵਾਰ ਨਾਲ ਲੈ ਕੇ ਆਇਆ ਹੋਵੇ। ਉਸਦੇ ਕਾਵਿ-ਸੰਸਾਰ ਵਿਚਲਾ ਮੌਲਿਕ ਰੰਗ ਹੈਰਾਨ ਕਰਨ ਵਾਲਾ ਹੈ। ਅਸਲ ਵਿੱਚ ਅਜਿਹੇ ਕਵੀ ਵੱਖਰੀ ਪ੍ਰਤਿਭਾ ਦੇ ਮਾਲਕ ਹੁੰਦੇ ਹਨ। ਉਹਨਾਂ ਦਾ ਅਨੁਭਵ ਜਗਤ ਹੀ ਵੱਖਰਾ ਨਹੀਂ ਹੁੰਦਾ, ਉਹਨਾਂ ਦੀ ਕਾਵਿ-ਸ਼ੈਲੀ ਅਥਵਾ ਅੰਦਾਜ਼ ਵੀ ਵੱਖਰਾ ਤੇ ਸੱਜਰਾ ਹੁੰਦਾ ਹੈ।

ਪਹਿਲੀ ਗੱਲ ਜੋ ਉਸਦੀ ਸ਼ਾਇਰੀ ਵਿੱਚ ਪਾਠਕ ਦਾ ਧਿਆਨ ਖਿੱਚਦੀ ਹੈ, ਉਹ ਨਾਬਰੀ ਤੇ ਵਿਰੋਧ ਦੀ ਤਿੱਖੀ ਭਾਵਨਾ ਹੈ। ਉਹ ਵਾਰ ਵਾਰ ਵਕਤ ਦੇ ਰਾਜਿਆਂ, ਬਾਦਸ਼ਾਹਾਂ ਨੂੰ ਅਥਵਾ ਹਾਕਮਾਂ ਨੂੰ ਸੰਬੋਧਨ ਹੁੰਦਾ ਹੈ। ਉਸਦੀ ਸੁਰ ਬਾਗ਼ੀਆਨਾ ਹੈ ਪਰ ਨਾਲ ਹੀ ਉਸਨੂੰ ਇਹ ਅਹਿਸਾਸ ਵੀ ਹੈ ਕਿ ਸਮਾਜਕ ਪ੍ਰੀਵਰਤਨ ਜਨ-ਸਧਾਰਨ ਦੇ ਵਿਰੋਧ ਤੇ ਬੱਝਵੇਂ ਸੰਘਰਸ਼ ਨਾਲ ਰੂਪਮਾਨ ਹੁੰਦੇ ਹਨ। ਸੰਘਰਸ਼ ਵਿੱਚ ਅਵਾਮ ਦੇ ਭਰਵੇਂ ਰੂਪ ਵਿੱਚ ਸ਼ਾਮਿਲ ਹੋਣ ਤੋਂ ਬਗ਼ੈਰ ਕਦੇ ਇਨਕਲਾਬੀ ਤਬਦੀਲੀ ਨਹੀਂ ਹੁੰਦੀ। ਕਵੀ ਦੀ ਇਹ ਸੁਰ ਉਸਨੂੰ ਸਮਕਾਲੀ ਕਵੀਆਂ ਨਾਲੋਂ ਨਿਖੇੜਦੀ ਹੈ।

ਲੋਕ ਤੁਰਦੇ ਨਾਲ ਤਾਂ ਕੁਝ ਹੋਰ ਸੀ
ਫੇਰ ਨਾ ਆਪਾਂ ਕਦੇ ਵੀ ਹਾਰਦੇ

ਨਾ ਤਾਂ ਮੈਂ ਤਲਵਾਰ ਦਿਆਂ ਤੇ ਨਾ ਹੀ ਕਿਸੇ ਨੂੰ ਢਾਲ ਦਿਆਂ
ਮੈਂ ਤਾਂ ਸੁੱਤੇ ਹੋਏ ਬੰਦੇ ਨੂੰ ਜਾਗਣ ਦਾ ਖ਼ਿਆਲ ਦਿਆਂ

ਲੜਨ ਦੀ ਤਾਕਤ ਨਹੀਂ ਤਾਂ ਫੇਰ ਕੀ ਹੈ
ਲੜਨ ਦੀ ਖ਼ਾਹਿਸ਼ ਤਾਂ ਹੈ ਕਮਜ਼ੋਰ ਅੰਦਰ

ਰਾਗ਼ੀ ਹਾਂ ਤੇ ਮੂੰਹੋਂ ਬਾਗ਼ੀ ਨਿਕਲ ਗਿਆ
ਇਸਦੇ ਵਿਚ ਤਾਂ ਮੇਰਾ ਕੋਈ ਕਸੂਰ ਨਹੀਂ



ਅਜਿਹੇ ਸ਼ਿਅਰ ਉਸਦੀਆਂ ਗ਼ਜ਼ਲਾਂ ਵਿੱਚ ਥਾਂ ਪੁਰ ਥਾਂ ਮਿਲਦੇ ਹਨ। ਪਰ ਉਸਦੇ ਇਸ ਬਾਗ਼ੀ ਅੰਦਾਜ਼ ਦੀ ਵਿਸ਼ੇਸ਼ਤਾ ਇਹ ਹੈ ਕਿ ਉਹ ਆਪਣੀ ਗੱਲ ਸਹਿਜ ਸੁਭਾ ਹੀ ਆਖ ਜਾਂਦਾ ਹੈ। ਕਿਤੇ ਵੀ ਇਹ ਪ੍ਰਤੀਤ ਨਹੀਂ ਹੁੰਦਾ ਕਿ ਉਸਨੇ ਇੱਕ ਇੱਕ ਸ਼ਿਅਰ ਲਿਖਣ ਵੇਲੇ ਕਿੰਨੀ ਮਿਹਨਤ ਕਿੰਨਾ ਰਿਆਜ਼ ਕੀਤਾ ਹੈ। ਉਸਦੀ ਇਹ ਸਹਿਜ-ਸੁਭਾਵਕਤਾ ਪਾਠਕ ਨੂੰ ਅਚੇਤ ਹੀ ਪ੍ਰਭਾਵਤ ਕਰ ਜਾਂਦੀ ਹੈ। ਕਿਤੇ ਕੋਈ ਉਚੇਚੀ ਬਨਾਵਟ ਦਿਖਾਈ ਨਹੀਂ ਦਿੰਦੀ, ਹਾਲਾਂਕਿ ਸਾਰੀ ਕਵਿਤਾ ਬਨਾਵਟ ਦੀ ਉਪਜ ਹੁੰਦੀ ਹੈ।

ਜਗਤਾਰ ਸਾਲਮ ਸਾਹਿਤਕ ਤੇ ਸਮਾਜਕ ਫ਼ਰਜ਼ਾਂ ਪ੍ਰਤੀ ਵੀ ਕਾਫ਼ੀ ਜਾਗਰੂਕ ਦਿਖਾਈ ਦਿੰਦਾ ਹੈ। ਉਸਨੂੰ ਪਤਾ ਹੈ ਕਿ ਕੋਈ ਵੀ ਕਲਾਤਮਕ ਰਚਨਾ ਆਖ਼ਰ ਆਪਣੇ ਨਾਲ ਕੋਈ ਨਵਾਂ ਸੰਕਲਪ ਕੋਈ ਵਿਚਾਰਾਤਮਿਕ ਕਾਰਜ ਲੈ ਕੇ ਆਉਂਦੀ ਹੈ। ਕਲਾਕਾਰ ਨੇ ਕੇਵਲ ਪਾਠਕਾਂ ਜਾਂ ਸਰੋਤਿਆਂ ਦਾ ਸਸਤਾ ਮਨ ਪ੍ਰਚਾਵਾ ਨਹੀਂ ਕਰਨਾ ਹੁੰਦਾ, ਉਸਨੇ ਇੱਕ ਨਵਾਂ ਭਾਵਨਾ ਸੰਸਾਰ ਸਿਰਜਣਾ ਹੁੰਦਾ ਹੈ। ਠੀਕ ਹੈ, ਬੜੀ ਦੇਰ ਗ਼ਜ਼ਲ ਰਾਜ ਦਰਬਾਰਾਂ ਵਿਚਲੀਆਂ ਮਹਿਫ਼ਲਾਂ ਵਿੱਚ ਸ਼ਾਸਕਾਂ ਦੇ ਮਨ ਪ੍ਰਚਾਵੇ ਦਾ ਵਸੀਲਾ ਬਣੀ ਰਹੀ ਹੈ, ਹੁਣ ਗ਼ਜ਼ਲ ਇਸ ਘੇਰੇ ਇਸ ਚੱਕਰਵੀਊ ਨੂੰ ਤੋੜ ਕੇ ਜਨ-ਸਧਾਰਨ ਦੇ ਦਰਦ ਨਾਲ ਆਪਣਾ ਰਿਸ਼ਤਾ ਪੱਕਾ ਕਰ ਚੁੱਕੀ ਹੈ। ਗ਼ਜ਼ਲ ਦੇ ਉਹ ਸ਼ਿਅਰ ਹੀ ਜ਼ਿੰਦਾ ਰਹਿੰਦੇ ਤੇ ਹਰਮਨ-ਪਿਆਰੇ ਹੁੰਦੇ ਹਨ ਜੋ ਲੋਕਾਈ ਦੇ ਦਰਦ ਦੀ ਜ਼ੁਬਾਨ ਬਣਦੇ ਹਨ।

ਕਿਹੜੇ ਕੰਮ ਦੀਆਂ ਇਹ ਗ਼ਜ਼ਲਾਂ ਸਾੜ ਦਿਓ
ਇਹਨਾਂ ਵਿਚ ਜੇ ਸਮਿਆਂ ਦੀ ਆਵਾਜ਼ ਨਹੀਂ

ਵੇਚ ਦੇਵਾਂ ਗੀਤ ਵਿਉਪਾਰੀ ਨਹੀਂ
ਮੈਂ ਕਵੀ ਹਾਂ ਕੋਈ ਦਰਬਾਰੀ ਨਹੀਂ

ਰੋਹ ਦੇ ਵਿਚ ਆਈ ਸੀ ਪੁਸਤਕ ਜਦੋਂ
ਉਡ ਗਈ ਸੀ ਹੋਸ਼ ਫਿਰ ਤਲਵਾਰ ਦੀ

ਦਰਦ ਇਹ ਸਿਰਫ਼ ਮੇਰੀ ਗ਼ਜ਼ਲ ਵਿਚ ਨਹੀਂ
ਦਰਦ ਇਹ ਮੇਰੇ ਸੀਨੇ 'ਚ ਧੁਰ ਤੀਕ ਹੈ

ਸਾਲਮ ਦੀਆਂ ਗ਼ਜ਼ਲਾਂ ਵਿਚ ਭਰਤੀ ਦੇ ਸ਼ਿਅਰ ਨਹੀਂ ਹੁੰਦੇ। ਉਸਦੇ ਹਰ ਸ਼ਿਅਰ ਵਿੱਚ ਨਰੋਈ ਤੇ ਨਿਵੇਕਲੀ ਗੱਲ ਹੁੰਦੀ ਹੈ। ਇਹ ਨਵੇਕਲਾਪਨ ਉਸਦੀ ਵਿਸ਼ੇਸ਼ਤਾਈ ਬਣ ਚੁੱਕਾ ਹੈ।

ਗ਼ਜ਼ਲ ਦਾ ਮੀਰੀ ਗੁਣ ਤਗ਼ੱਜ਼ਲ ਦੀ ਅਵਸਥਾ ਸਿਰਜਣਾ ਹੈ ਅਰਥਾਤ ਸ਼ਿਅਰ ਦੀ ਪਹਿਲੀ ਤੇ ਦੂਸਰੀ ਪੰਕਤੀ ਵਿੱਚ ਵਿਰੋਧਾਭਾਸ ਤੇ ਟਕਰਾਓ ਦੀ ਸਥਿਤੀ ਸਿਰਜਣੀ, ਇਸ ਸਥਿਤੀ ਦੇ ਸਿਰਜਣ ਨਾਲ ਹੀ ਗ਼ਜ਼ਲ ਦੇ ਸ਼ਿਅਰ ਆਮ ਨਜ਼ਮ ਦੀ ਪੰਕਤੀ ਨਾਲੋਂ ਵੱਖਰੀ ਨੁਹਾਰ ਰਚਦੇ ਹਨ। ਏਸੇ ਤਕਨੀਕ ਨਾਲ ਗ਼ਜ਼ਲ ਦੇ ਸ਼ਿਅਰ ਪਾਠਕ ਨੂੰ ਚਕ੍ਰਿਤ ਅਤੇ ਪ੍ਰਭਾਵਿਤ ਕਰਨ ਦਾ ਕਾਰਨ ਬਣਦੇ ਹਨ।

ਥਹੁ ਪਤਾ ਜੰਗਲ ਦਾ ਮਿਲ ਜਾਵੇ ਕਿਤੇ ਜੇ
ਅੱਗ ਮੇਰੇ ਕੋਲ ਕਿੰਨੀ ਵਾਰ ਆਈ

ਅੰਬਰੋਂ ਵੱਡਾ ਵੀ ਭਾਵੇਂ ਜਾਲ਼ ਹੁੰਦਾ
ਉਡਣ ਦਾ ਪੰਛੀ ਨੂੰ ਜੇਕਰ ਖ਼ਿਆਲ ਹੁੰਦਾ

ਇਸਦੀ ਛਾਵੇਂ ਬਹਿ ਕੇ ਯਾਰੋ! ਕਰਿਆ ਨਾ ਕਰੋ ਅੱਗ ਦੀ ਗੱਲ
ਮੇਰੇ ਵਿਹੜੇ ਦੇ ਰੁੱਖ ਨੂੰ ਅੰਗਿਆਰਾਂ ਤੋਂ ਡਰ ਲਗਦਾ ਹੈ

ਕੀ ਦੱਸਾਂ ਤੈਨੂੰ ਇਹ ਖੇਡ ਹੈ ਜ਼ੋਰਾਂ ਦੀ
ਰਾਖੀ ਕਰਨ ਸਿਪਾਹੀ ਏਥੇ ਚੋਰਾਂ ਦੀ

ਸਾਲਮ ਨੇ ਆਲੇ ਦੁਆਲੇ ਦਾ ਲੋਕ ਦਰਦ ਇਸ ਤਰ੍ਹਾਂ ਆਪਣੀ ਕਾਵਿ-ਚੇਤਨਾ ਵਿੱਚ ਸਮੋਅ ਲਿਆ ਹੈ ਕਿ ਦੋਵੇਂ ਪੱਖ ਆਪੋ ਵਿੱਚ ਘਿਓ-ਖਿਚੜੀ ਵਾਂਗ ਇੱਕ-ਮਿੱਕ ਹੋ ਗਏ ਹਨ। ਜਦੋਂ ਕਵੀ ਇਸ ਪੜਾਅ ਉੱਤੇ ਪਹੁੰਚ ਜਾਂਦਾ ਹੈ ਤਾਂ ਜੇਕਰ ਉਹ ਨਿੱਜੀ ਗੱਲ ਵੀ ਬਿਆਨ ਕਰੇ, ਪਾਠਕ ਨੂੰ ਸਮਾਜਕ ਗੱਲ ਲੱਗਦੀ ਹੈ। ਉਸਦੀ ਗ਼ਜ਼ਲ ਦੇ ਤਕਨੀਕੀ ਪੱਖਾਂ ਬਾਰੇ ਕਾਫ਼ੀ ਕੁਝ ਕਿਹਾ ਜਾਣਾ ਸੰਭਵ ਹੈ, ਪਰ ਗੱਲ ਉਸਦੇ ਕਾਵਿ-ਅਨੁਭਵ ਦੀ ਸਮਾਜਕਤਾ ਤੇ ਇਸ ਦੇ ਵਿਲੱਖਣ ਅੰਦਾਜ਼ ਦੀ ਹੈ। ਉਸਦੇ ਕਾਵਿਕ ਬੋਲ ਹੁਣ ਪਛਾਨਣਯੋਗ ਹੋ ਗਏ ਹਨ।

ਐਸੇ ਸੰਭਾਵਨਾ ਭਰੇ ਸ਼ਾਇਰ ਨੂੰ ਪੜ੍ਹਨਾ ਇੱਕ ਵੱਖਰੇ ਅਤੇ ਸੱਜਰੇ ਅਨੁਭਵ ਖੇਤਰ ਵਿੱਚ ਪ੍ਰਵੇਸ਼ ਕਰਨ ਬਰਾਬਰ ਹੈ। ਮੈਂ ਸਾਲਮ ਨੂੰ ਜੀ ਆਇਆਂ ਆਖਦਾ ਹਾਂ ਤੇ ਆਸ ਕਰਦਾ ਹਾਂ ਕਿ ਉਹ ਇਸ ਚੁਣੇ ਮਾਰਗ ਉੱਤੇ ਪੱਕੇ ਪੈਰੀਂ ਤੁਰਿਆ ਜਾਵੇਗਾ, ਕਵੀਆਂ ਲਈ ਸਾਹਿਤ ਦੇ ਦਰ ਕਦੇ ਬੰਦ ਨਹੀਂ ਹੁੰਦੇ।

**ਹਰਭਜਨ ਸਿੰਘ ਹੁੰਦਲ**



□

ਬਹੁਤ ਕੁਝ ਹੁੰਦੈ ਭਰੇ ਦਰਬਾਰ ਵਿਚ
ਜੋ ਨਹੀਂ ਛਪਦਾ ਕਿਸੇ ਅਖ਼ਬਾਰ ਵਿਚ

ਉਡਦਿਆਂ ਮਰਨਾ ਸ਼ਿਕਾਰੀ ਤੋਂ ਜਿਨ੍ਹਾਂ
ਮੈਂ ਵੀ ਸ਼ਾਮਲ ਹਾਂ ਉਸੇ ਹੀ ਡਾਰ ਵਿਚ

ਦੇਖਿਆ ਹੈ ਹਰ ਨਜ਼ਰ ਤੋਂ ਦੋਸਤੋ!
ਹੈ ਨਹੀਂ ਸਾਲਮ ਕਿਤੇ ਜਗਤਾਰ ਵਿਚ

ਚਾਰਦੀਵਾਰੀ ਨ ਬਣ ਜਾਵੇ ਕਿਤੇ
ਰੱਖਿਓ! ਬੂਹਾ ਕੋਈ ਦੀਵਾਰ ਵਿਚ

ਫੇਰ ਕੀ ਹੋਇਆ ਕਵੀ ਜੇ ਹਰ ਗਿਆ
ਜਿੱਤ ਵਰਗਾ ਹੈ ਨਸ਼ਾ ਇਸ ਹਾਰ ਵਿਚ

ਧਰਤ ਉੱਤੇ ਮੈਂ ਰਹਾਂ ਤਾਂ ਠੀਕ ਹੈ
ਡਰ ਜਿਹਾ ਲਗਦੈ ਖ਼ਰੇ ਕਿਉਂ ਕਾਰ ਵਿਚ

ਜੀਣ ਜੋਗਾ ਕੁਝ ਕਦੇ ਕਰਿਆ ਨਹੀਂ
ਪਰ ਅਜੇ ਤਕ ਫੇਰ ਵੀ ਮਰਿਆ ਨਹੀਂ

ਦੋਸ਼ ਲਾਉਂਦੇ ਨੇ ਬਗ਼ਾਵਤ ਕਰਨ ਦਾ
ਮੈਂ ਤਾਂ ਹੌਕਾ ਤਕ ਕਦੇ ਭਰਿਆ ਨਹੀਂ

ਅੱਗ ਵੀ ਲੱਗੀ ਜਰੀ ਹੈ ਏਸਨੇ
ਦੱਸ! ਇਸ ਜੰਗਲ ਨੇ ਕੀ ਜਰਿਆ ਨਹੀਂ

ਸੜ ਰਿਹਾ ਸੀ ਅੱਗ ਵਿਚ ਜੰਗਲ ਜਦੋਂ
ਉਸ ਸਮੇਂ ਬੱਦਲ ਕੋਈ ਵਰ੍ਹਿਆ ਨਹੀਂ

ਡਰ ਗਿਆ ਉਹ ਕੱਲ੍ਹ ਅਪਣੇ ਸਾਏ ਤੋਂ
ਆਦਮੀ ਜੋ ਫ਼ੌਜ ਤੋਂ ਡਰਿਆ ਨਹੀਂ

ਪੌਣ ਆਖੇ ਏਸਨੂੰ ਰਾਹ ਭੁਲ ਗਿਆ
ਪੌਣ ਤੋਂ ਰਾਹੀ ਜਦੋਂ ਹਰਿਆ ਨਹੀਂ



ਸਮਝ ਨਹੀਂ ਆਉਂਦੀ ਇਸ ਅੰਦਰ ਕੈਸੀ ਖ਼ਾਹਿਸ਼ ਜਾਗੀ
ਮਨ ਵਿਚ ਖ਼ੌਰੇ ਕੀ ਆਈ ਤਲਵਾਰ ਲਿਆਇਆ ਰਾਗ਼ੀ

ਮੈਨੂੰ ਇਉਂ ਲਗਦੈ ਜਿਉਂ ਮੇਰੇ ਅੰਦਰ ਹੈ ਰੂਹ ਦਾਗ਼ੀ
ਮੇਰੇ ਸਾਵੇਂ ਬੰਦਾ ਮੋਇਆ ਫਿਰ ਵੀ ਰੂਹ ਨਾ ਜਾਗੀ

ਇਹ ਕੀ ਹੋਇਆ ਆਖ਼ਰ ਨੂੰ ਉਹ ਜਾ ਬਣਿਆ ਦਰਬਾਰੀ
ਜਿਸ ਬੰਦੇ ਨੇ ਤਨ ਮਨ ਤੋਂ ਬਣਨਾ ਚਾਹਿਆ ਸੀ ਬਾਗ਼ੀ

ਐਸਾ ਕੀ ਸੀ ਉਸਦੀ ਹਿੱਕ 'ਚ ਜਿਸਨੇ ਜੀਣ ਨ ਦਿੱਤਾ
ਆਖ਼ਰ ਨੂੰ ਜੋ ਅਪਣੀ ਹਿੱਕ 'ਚ ਆਪੇ ਗੋਲੀ ਦਾਗੀ

ਡਰਦੇ ਡਰਦੇ ਪਹਿਰੇ ਉੱਤੇ ਗੱਲਾਂ ਕਰਨ ਸਿਪਾਹੀ
ਟਲ ਜਾਵਾਂਗੇ ਯਾਰੋ! ਜੇਕਰ ਏਧਰ ਆਏ ਬਾਗ਼ੀ

ਕੀ ਦੱਸਾਂ ਤੈਨੂੰ ਇਹ ਖੇਡ ਹੈ ਜ਼ੋਰਾਂ ਦੀ
ਰਾਖੀ ਕਰਨ ਸਿਪਾਹੀ ਏਥੇ ਚੋਰਾਂ ਦੀ

ਰਾਜੇ ਨਾਲ ਨਹੀਂ ਲੜਦਾ ਕੋਈ ਰਾਜਾ
ਫ਼ੌਜਾਂ ਨਾਲ ਲੜਾਈ ਹੈ ਕਮਜ਼ੋਰਾਂ ਦੀ

ਜੰਗਲ ਨੂੰ ਹੱਥੀਂ ਅੱਗ ਲਾ ਕੇ ਇਹ ਬੰਦਾ
ਗੱਲਾਂ ਕਰਦਾ ਹੈ ਚਿੜੀਆਂ ਤੇ ਮੋਰਾਂ ਦੀ

ਢਾਲ ਨਹੀਂ ਤਲਵਾਰ ਨਹੀਂ ਤੇ ਗਾਲ੍ਹ ਨਹੀਂ
ਇਕਜੁਟਤਾ ਹੀ ਤਾਕਤ ਹੈ ਕਮਜ਼ੋਰਾਂ ਦੀ

ਚੋਰਾਂ ਸਾਵੇਂ ਚੁਪ ਕਰ ਜਾਂਦੈ ਜਦ ਕੋਈ
ਦੂਣੀ ਤਾਕਤ ਹੋ ਜਾਂਦੀ ਹੈ ਚੋਰਾਂ ਦੀ

ਅਪਣੀ ਗੱਲ ਕਰਨ ਤੋਂ ਸਾਲਮ ਡਰਦਾ ਹੈ
ਹਰ ਵੇਲੇ ਜੋ ਗੱਲਾਂ ਕਰਦੈ ਹੋਰਾਂ ਦੀ



ਆਪਾ ਜਤਾਉਣ ਖਾਤਰ ਨਾ ਹੀ ਡਰਾਉਣ ਖਾਤਰ
ਮਾਰੀ ਹੈ ਚੀਕ ਮੈਂ ਤਾਂ ਖ਼ੁਦ ਨੂੰ ਬਚਾਉਣ ਖਾਤਰ

ਦੱਸੋ! ਕੀ ਹੋਰ ਲੈਣਾ ਦੱਸੋ! ਕੀ ਰਹਿ ਗਿਆ ਹੈ
ਦਿੰਦੇ ਨੇ ਖ਼ੂਨ ਲੋਕੀਂ ਅਗਨੀ ਬਝਾਉਣ ਖਾਤਰ

ਪਹਿਲਾਂ ਮੈਂ ਜ਼ਖ਼ਮ ਲੱਭਾਂ ਮਗਰੋਂ ਧੁਖਾਂ ਤਪਾਂ, ਫਿਰ
ਕੋਈ ਖ਼ਿਆਲ ਲੱਭੇ ਕਵਿਤਾ ਬਣਾਉਣ ਖਾਤਰ

ਹੌਕਾ ਜੇ ਭਰ ਲਿਆ ਤਾਂ ਇਹ ਕੀ ਕਸੂਰ ਹੋਇਆ
ਕੁਝ ਹੋਰ ਆਖ ਦਿੰਦੇ ਇਲਜ਼ਾਮ ਲਾਉਣ ਖਾਤਰ

ਦੀਵੇ ਦੀ ਰੌਸ਼ਨੀ ਤੋਂ ਡਰਦਾ ਸੀ ਬਹੁਤ ਉਹ ਵੀ
ਆਇਆ ਸੀ ਰਾਤ ਜਿਹੜਾ ਮੈਨੂੰ ਡਰਾਉਣ ਖਾਤਰ

□

ਵੇਚ ਦੇਵਾਂ ਗੀਤ ਵਿਉਪਾਰੀ ਨਹੀਂ
ਮੈਂ ਕਵੀ ਹਾਂ ਕੋਈ ਦਰਬਾਰੀ ਨਹੀਂ

ਪੱਥਰਾਂ ਤੋਂ ਵੀ ਕਿਤੇ ਭਾਰਾ ਹੈ ਇਹ
ਚੀਜ਼ ਹੌਂਕੇ ਤੋਂ ਕੋਈ ਭਾਰੀ ਨਹੀਂ

ਕੋਲ ਤੇਰੇ ਬਚਿਆ ਹੁੰਦਾ ਬਹੁਤ ਕੁਝ
ਚੀਕ ਪਰ ਤੂੰ ਵਕਤ ਸਿਰ ਮਾਰੀ ਨਹੀਂ

ਇਹ ਧੁਖ਼ੇਗੀ ਹਿੱਕ ਵਿਚ ਤੇਰੇ ਸਦਾ
ਲਾਟ ਜੋ ਬਣ ਜੇ ਉਹ ਚਿੰਗਾਰੀ ਨਹੀਂ

ਫਿਰ ਲੜਾਂਗਾ ਜਦ ਕਦੇ ਮਿਲਿਆ ਸਮਾਂ
ਇਹ ਲੜਾਈ ਮੈਂ ਅਜੇ ਹਾਰੀ ਨਹੀਂ

ਬੇਖ਼ਬਰ ਉਡਦਾ ਪਰਿੰਦਾ ਮਾਰਨਾ
ਜਾਲ੍ਹਸਾਜ਼ੀ ਹੈ, ਇਹ ਹੁਸ਼ਿਆਰੀ ਨਹੀਂ



□

ਤੁਰਦਿਆਂ ਰਾਵ੍ਹਾਂ 'ਚ ਅਪਣਾ ਖ਼ਿਆਲ ਰੱਖੀਂ
ਸਾਜ਼ ਤੇ ਕਿਰਪਾਨ ਅਪਣੇ ਨਾਲ ਰੱਖੀਂ

ਹੋ ਗਈ ਕਿਸ ਗੱਲ ਤੋਂ ਜੰਗਲ ਵਿਰੋਧੀ
ਪੌਣ ਸਾਵੇਂ ਇੱਕ ਇਹ ਵੀ ਸੁਆਲ ਰੱਖੀਂ

ਚੇਤਿਆਂ ਵਿਚ ਰਹਿ ਸਕੇ ਤਾਂ ਜੋ ਉਹ ਤੇਰੇ
ਕੁਝ ਖ਼ਤਾਂ ਨੂੰ ਅੰਤ ਤਕ ਸੰਭਾਲ ਰੱਖੀਂ

ਲਭਦਿਆਂ ਮੰਜ਼ਿਲ ਕਿਤੇ ਖ਼ੁਦ ਗੁੰਮ ਜਾਵੇਂ
ਨਾਲ ਅਪਣੇ ਆਪ ਦੀ ਵੀ ਭਾਲ਼ ਰੱਖੀਂ

ਹਾਰ ਜਾਵੇਗੀ ਹਵਾ ਆਖ਼ਰ ਨੂੰ ਆਪੇ
ਦੀਪ ਤੂੰ ਹਰ ਹਾਲ ਦੇ ਵਿਚ ਬਾਲ ਰੱਖੀਂ

ਕੀ ਤੇਰੇ ਮਨ ਵਿੱਚ ਕਦੇ ਇਹ ਆਈ ਹੈ
ਕੀ ਏਂ ਤੂੰ, ਤੇਰੀ ਕਿਸ ਨਾਲ ਲੜਾਈ ਹੈ

ਮਾਰ ਲਿਆ ਅਪਣੇ ਅੰਦਰਲੇ ਬੰਦੇ ਨੂੰ
ਕਿੰਨੀ ਵਾਰੀ ਏਦਾਂ ਜਾਨ ਬਚਾਈ ਹੈ

ਰਹਿਣ ਦਵੀਂਤੂੰ ਖੋਲ੍ਹੀ ਨਾ ਇਸ ਪੁਸਤਕਨੂੰ
ਚੀਕ ਮੇਰੀ ਮੈਂ ਇਸਦੇ ਵਿਚ ਦਫ਼ਨਾਈ ਹੈ

ਰੱਤ ਦੇ ਨਾਲ ਬੁਝੇਗੀ ਦੇਖੀਂ ਆਖ਼ਰ ਨੂੰ
ਤੀਲੀ ਨਾਲ ਤੂੰ ਜਿਹੜੀ ਅੱਗ ਲਗਾਈ ਹੈ

ਹੋ ਗਿਆ ਮੇਰੇ ਵਿਹੜੇ ਵਿਚਲਾ ਰੁੱਖ ਉਦਾਸ
ਜੰਗਲ ਦੀ ਗੱਲ ਜਦ ਵੀ ਕਿਸੇ ਸੁਣਾਈ ਹੈ



ਤੂੰ ਏਂ ਇੱਕ ਸ਼ਿਕਾਰੀ ਤੇ ਮੈਂ ਪੰਛੀ ਹਾਂ
ਤੇਰੀ ਤੇ ਮੇਰੀ ਬਸ! ਇਹੀ ਲੜਾਈ ਹੈ

ਹੈਰਾਨੀ ਹੁੰਦੀ ਹੈ ਰਾਜੇ ਦੇ ਉੱਪਰ
ਪੰਛੀ ਨੂੰ ਮਾਰਨ ਦੀ ਜੁਗਤ ਬਣਾਈ ਹੈ

ਏਸ ਅੱਗ ਦਾ ਸੇਕ ਤਿਰੇ ਤਕ ਪੁੱਜੇਗਾ
ਅੱਗ ਜੋ ਮੇਰੇ ਸੀਨੇ ਤੈਂ ਸੁਲਗਾਈ ਹੈ

ਡੁਬ ਸਕਦਾ ਹੈ ਤੇਰਾ ਤਖ਼ਤ ਵੀ ਐ ਰਾਜਨ!
ਮੇਰੇ ਖ਼ਿਆਲਾਂ ਵਿਚ ਏਨੀ ਗਹਿਰਾਈ ਹੈ

ਦੇਖ ਲਵੀਂ ਇਹ ਸੀਨਾ ਚੀਰ ਕੇ ਨਿਕਲੇਗੀ
ਸੀਨੇ ਵਿਚ ਤੂੰ ਜਿਹੜੀ ਚੀਕ ਦਬਾਈ ਹੈ

ਕਿਹੜੇ ਸਮਿਆਂ ਦੀ ਗੱਲਾਂ ਕਰਦੈਂ ਸਾਲਮ
ਦੀਪ ਬੁਝਾ ਕੇ ਪੌਣ ਕਦੋਂ ਪਛਤਾਈ ਹੈ

ਕੀ ਦੱਸਾਂ ਯਾਰੋ! ਮੈਂ ਅਪਣੇ ਘਰ ਬਾਰੇ
ਘਰ ਮੇਰਾ, ਘਰ ਦੀ ਹਰ ਚੀਜ਼ ਪਰਾਈ ਹੈ

ਅਪਣੇ ਹੀ ਪਰਛਾਵੇਂ ਪਿੱਛੇ ਦੌੜ ਰਿਹੈ
ਸ਼ਾਇਰ ਕਿੱਥੇ ਹੈ ਜਗਤਾਰ ਸ਼ੁਦਾਈ ਹੈ

ਤਿਆਰੀ 'ਚ ਹੈ ਹਰ ਸਮੇਂ ਬਾਦਸ਼ਾਹੀ
ਇਕੱਲਾ ਮੈਂ ਸਾਵੇਂ ਹਜ਼ਾਰਾਂ ਸਿਪਾਹੀ

ਦਿਨੇ ਮਸ਼ਵਰਾ ਕੀਤਾ ਰਲ ਕੇ ਤੁਰਾਂਗੇ
ਢਲੀ ਸ਼ਾਮ ਦਿਸਿਆ ਨ ਕੋਈ ਵੀ ਰਾਹੀ

ਹਵਾ ਤੋਂ ਬਿਨਾ ਪੁੱਛੇ ਹੌਕਾ ਨ ਭਰਦੇ
ਗਰੀਬਾਂ ਨੂੰ ਸਾਹ ਲੈਣ 'ਤੇ ਵੀ ਮਨਾਹੀ

ਕਿਹੇ ਆਦਮੀ ਨੇ ਨਗਰ ਵਿਚ ਕਿ ਏਥੇ
ਕਿਸੇ ਵਿਚ ਫ਼ਕੀਰੀ ਹੈ ਨਾ ਬਾਦਸ਼ਾਹੀ

ਮਨੋਂ ਜੇ ਬੁਝਾਉਂਦੇ ਤਾਂ ਕੁਝ ਵੀ ਨ ਸੜਦਾ
ਇਨ੍ਹਾਂ ਅੱਗ ਬਲਦੀ ਬੁਝਾਉਣੀ ਨ ਚਾਹੀ



ਨਾ ਤਾਂ ਮੈਂ ਤਲਵਾਰ ਦਿਆਂ ਤੇ ਨਾ ਹੀ ਕਿਸੇ ਨੂੰ ਢਾਲ ਦਿਆਂ
ਮੈਂ ਤਾਂ ਸੁੱਤੇ ਹੋਏ ਬੰਦੇ ਨੂੰ ਜਾਗਣ ਦਾ ਖ਼ਿਆਲ ਦਿਆਂ

ਨਾ ਮੈਂ ਸ਼ਾਇਰ ਨਾ ਰਾਗ਼ੀ ਹਾਂ ਨਾ ਰਾਜਾ ਨਾ ਬਾਗ਼ੀ ਹਾਂ
ਮੈਂ ਤਾਂ ਇੱਕ ਸਧਾਰਣ ਬੰਦਾ ਦਰਿਆ ਕਿੰਝ ਉਛਾਲ ਦਿਆਂ

ਰਾਗ਼ ਸੁਰਾਂ ਦਾ ਯਾਰੋ! ਮੈਨੂੰ ਰੱਤੀ ਭਰ ਵੀ ਗਿਆਨ ਨਹੀਂ
ਮੈਂ ਸੀਨੇ ਦੀ ਅਗਨ ਛੁਹਾ ਕੇ ਦੀਪ ਹਜ਼ਾਰਾਂ ਬਾਲ ਦਿਆਂ

ਨਾ ਹੀ ਨੀਂਦ 'ਚ ਬੇਚੈਨੀ ਨਾ ਅੱਖ 'ਚ ਭੋਰਾ ਰੜਕ ਦਿਸੇ
ਤੂੰ ਹੀ ਦੱਸ! ਮੈਂ ਤੇਰੇ ਖ਼ਾਤਰ ਸੁਪਨੇ ਕਿੱਥੋਂ ਭਾਲ਼ ਦਿਆਂ

ਤੈਨੂੰ ਕੋਈ ਪੀੜ ਨਾ ਹੋਵੇ ਇਹ ਤਾਂ ਮੈਂ ਕਰ ਸਕਦਾ ਨੀਂ
ਮੈਂ ਤਾਂ ਇਹ ਕਰ ਸਕਦਾਂ ਤੇਰਾ ਦਰਦ ਗ਼ਜ਼ਲ ਵਿਚ ਢਾਲ ਦਿਆਂ

ਜੇ ਪੌਣਾਂ ਦਾ ਹੁਕਮ ਨਾ ਹੋਵੇ ਹੌਕਾ ਵੀ ਨੀਂ ਭਰ ਸਕਦਾ
ਮੇਰੀ ਏਨੀ ਹਿੰਮਤ ਕਿੱਥੇ ਵਗਦੀ ਪੌਣ ਨੂੰ ਗਾਲ੍ਹ ਦਿਆਂ

ਜੇ ਘਰ ਨੂੰ ਅੱਗ ਲੱਗੀ ਹੁੰਦੀ ਟਲ ਜਾਣਾ ਸੀ ਆਪ ਕਿਤੇ
ਜੰਗਲ ਨੂੰ ਅੱਗ ਲੱਗੀ ਹੈ ਦੱਸ! ਕਿਵੇਂ ਮਸਲਾ ਟਾਲ ਦਿਆਂ

ਪਰਛਾਵੇਂ ਢਲ ਚੱਲੇ ਪਿਛਲਾ ਪਹਿਰ ਗਿਆ
ਕੋਈ ਵੀ ਨਾ ਮੁੜਿਆ ਜਿਹੜਾ ਸ਼ਹਿਰ ਗਿਆ

ਹੋ ਸਕਦਾ ਹੈ ਕੱਲ੍ਹ ਨੂੰ ਸੂਰਜ ਨਿਕਲੇ ਨਾ
ਜੇ ਰਾਹੀ ਆਰਾਮ ਲਈ ਅੱਜ ਠਹਿਰ ਗਿਆ

ਜੀਣ ਲਈ ਹਰ ਰੋਜ਼ ਪਿਆ ਪੀਣਾ ਮੈਨੂੰ
ਕੀ ਦੱਸਾਂ ਕਿੰਝ ਮੇਰੇ ਅੰਦਰ ਜ਼ਹਿਰ ਗਿਆ

ਮੈਨੂੰ ਹੋਸ਼ ਹੀ ਕਿੱਥੇ ਸੀ ਕਿ ਦੱਸਾਂ ਮੈਂ
ਕਦ ਢਲਿਆ ਇਹ ਦਿਨ ਤੇ ਕਿੰਝ ਦੁਪਹਿਰ ਗਿਆ

ਉਸਨੂੰ ਭੋਰਾ ਸਮਝ ਨਹੀਂ ਬਾਜ਼ਾਰਾਂ ਦੀ
ਡਰ ਲਗਦਾ ਹੈ ਵਿਕ ਨਾ ਜਾਏ ਸ਼ਹਿਰ ਗਿਆ



ਸਾਰਾ ਨਗਰ ਇਹ ਦੇਖ ਕੇ ਹੈਰਾਨ ਰਹਿ ਗਿਆ
ਜੰਗਲ ਦੀ ਚੀਕ ਨਾਲ ਹੀ ਇਕ ਮਹਿਲ ਢਹਿ ਗਿਆ

ਪੁਜਿਆ ਨ ਧੁਰ ਪਿਆਸੀ ਨਦੀ ਤੀਕ ਕੋਈ ਵੀ
ਪਾਣੀ ਤੋਂ ਡਰ ਗਿਆ ਕੋਈ ਪਾਣੀ 'ਚ ਵਹਿ ਗਿਆ

ਜਦ ਤੋਂ ਮੈਂ ਓਸ ਬਾਂਸ ਦੀ ਬੰਸੀ ਨੂੰ ਛੂਹ ਲਿਆ
ਜੰਗਲ ਦਾ ਦਰਦ ਜਿਉਂ ਮੇਰੇ ਸੀਨੇ 'ਚ ਲਹਿ ਗਿਆ

ਵਿਹੜੇ ਮਿਰੇ ਦਾ ਬਿਰਖ ਵੀ ਡਰਿਆ ਜਿਹਾ ਦਿਸੇ
ਉਡਦੇ ਸਮੇਂ ਪਤਾ ਨੀਂ ਪਰਿੰਦਾ ਕੀ ਕਹਿ ਗਿਆ

□

ਜਾਂ ਤਾਂ ਮੈਂ ਹੁਣ ਲੜਨ ਦੀ ਮਨ ਵਿਚ ਧਾਰ ਲਵਾਂ
ਜਾਂ ਫਿਰ ਜੋ ਕੁਝ ਵੀ ਹੈ ਮੈਂ ਸਵੀਕਾਰ ਲਵਾਂ

ਸੁਣ! ਇਸ ਵਾਰ ਮਰਨ ਦੀ ਵਾਰੀ ਤੇਰੀ ਹੈ
ਮੈਂ ਹਰ ਵਾਰੀ ਮਨ ਨੂੰ ਕਿੱਦਾਂ ਮਾਰ ਲਵਾਂ

ਅੱਗ ਨੂੰ ਆਪਾਂ ਕਿੱਦਾਂ ਘੇਰਾ ਪਾਉਣਾ ਹੈ
ਠਹਿਰ ਜ਼ਰਾ! ਮੈਂ ਥੋੜਾ ਸੋਚ ਵਿਚਾਰ ਲਵਾਂ

ਨਦੀਏ! ਤੇਰੇ ਪਾਣੀਆਂ ਅੰਦਰ ਉੱਤਰ ਕੇ
ਦਿਲ ਕਰਦਾ ਹੈ ਮਨ ਦੀ ਮੈਲ਼ ਉਤਾਰ ਲਵਾਂ

ਯਾਦਾਂ ਦੇ ਵਿਚ ਕਟ ਜਾਣੀ ਹੈ ਬਾਕੀ ਤਾਂ
ਦੋ ਪਲ ਜੇਕਰ ਤੇਰੇ ਨਾਲ ਗੁਜ਼ਾਰ ਲਵਾਂ



□

ਮੇਰੇ ਅੰਦਰ ਚੋਰ ਹੈ ਜਾਂ ਤੇਰੇ ਅੰਦਰ ਚੋਰ ਹੈ
ਦੋ ਨਹੀਂ ਕਮਰੇ 'ਚ ਆਪਾਂ ਤੀਸਰਾ ਵੀ ਹੋਰ ਹੈ

ਹੋਰ ਕੋਈ ਵੀ ਭਰੇ ਹੌਕਾ ਤਾਂ ਡਰ ਜਾਂਦਾ ਹਾਂ ਮੈਂ
ਕੀ ਕਹਾਂ ਦਿਲ ਦੀ ਕਿ ਮੇਰਾ ਦਿਲ ਬੜਾ ਕਮਜ਼ੋਰ ਹੈ

ਦੋਸਤਾ! ਮੈਂ ਚੁੱਪ ਨੀਂ ਇਕ ਵਾਰ ਸੁਣ ਕੇ ਵੇਖ ਤਾਂ
ਸੈਂਕੜੇ ਚੀਕਾਂ ਦਾ ਮੇਰੀ ਚੁੱਪ ਅੰਦਰ ਸ਼ੋਰ ਹੈ

ਕਰ ਲਓ ਭਾਵੇਂ ਹੁਣੇ ਹੀ ਕੈਦ ਪਹਿਲਾਂ ਦੱਸਦਾਂ
ਕੀ ਪਤਾ ਕਦ ਜਾਗ ਜਾਵੇ ਮੇਰੇ ਅੰਦਰ ਚੋਰ ਹੈ

ਸ਼ਹਿਰ ਦੇ ਰਖਵਾਲਿਆਂ ਨੂੰ ਦੇਖ ਜੰਗਲ ਹੱਸਦੈ
ਫੜ ਲਿਆ ਹੈ ਹੋਰ ਕੋਈ ਚੋਰ ਕੋਈ ਹੋਰ ਹੈ

□

ਝੁਕਾਇਆ ਪਰ ਨਹੀਂ, ਜਿਸ ਸਿਰ ਕਟਾਇਆ ਹੈ
ਉਸੇ ਨੇ ਹੀ ਸਿਦਕ ਦਾ ਭੇਦ ਪਾਇਆ ਹੈ

ਉਸੇ ਦੀ ਚੀਸ ਹੈ ਹਰ ਇੱਕ ਹੌਕੇ ਵਿਚ
ਮੈਂ ਜਿਹੜੇ ਜ਼ਖ਼ਮ ਤੋਂ ਸੀਨਾ ਬਚਾਇਆ ਹੈ

ਗਰਾਂ ਤੋਂ ਸ਼ਹਿਰ ਆ ਕੇ ਇਸ ਤਰ੍ਹਾਂ ਲਗਦੈ
ਕਿ ਪੁਟ ਕੇ ਧਰਤ 'ਚੋਂ ਗਮਲੇ 'ਚ ਲਾਇਆ ਹੈ

ਉਦ੍ਹੇ ਖ਼ਾਬਾਂ ਦਾ ਖ਼ਬਰੇ ਕੀ ਬਣੇਗਾ ਹੁਣ
ਮੈਂ ਜਿਸਨੂੰ ਨੀਂਦਰਾਂ ਵਿੱਚੋਂ ਜਗਾਇਆ ਹੈ



ਜੋ ਸੀਨੇ ਲਗਦਿਆਂ ਹੀ ਚੀਰ ਦੇ ਸੀਨਾ
ਕੀ ਐਸਾ ਦਰਦ ਤੂੰ ਸੀਨੇ ਲਗਾਇਆ ਹੈ

ਲੈ ਖ਼ੰਜਰ ਫੇਰ ਸੀਨੇ ਮਾਰ ਇਕ ਵਾਰੀ
ਬੜ੍ਹੇ ਚਿਰ ਬਾਦ ਫਿਰ ਆਰਾਮ ਆਇਆ ਹੈ

ਚਿਰਾਗ਼ਾਂ ਨਾਲ ਸਜ਼ਿਆ ਹੈ ਨਗਰ ਸਾਰਾ
ਸੁਣੋ! ਯਾਰੋ ਬਹਾਨਾ ਕੀ ਬਣਾਇਆ ਹੈ

ਘਰਾਂ ਵਿਚ ਉਹ ਕਦੇ ਹਾਸਲ ਨਹੀਂ ਹੋਇਆ
ਮੈਂ ਜੋ ਕੁਝ ਤੁਰਦਿਆਂ ਰਾਹਾਂ 'ਚ ਪਾਇਆ ਹੈ

ਕਿ ਉਸਨੂੰ ਭੇਜਿਆ ਸੀ ਸਾਜ਼ ਦੀ ਖਾਤਰ
ਖ਼ਰੇ ਹਥਿਆਰ ਉਹ ਕਿੱਥੋਂ ਲਿਆਇਆ ਹੈ

ਰਤਾ ਵਿਸ਼ਵਾਸ ਨੀਂ ਹੁੰਦਾ ਕਿਸੇ ਨੂੰ ਵੀ
ਕਿ ਫ਼ੌਜਾਂ ਨੂੰ ਸਜ਼ਿੰਦੇ ਨੇ ਹਰਾਇਆ ਹੈ

ਕਿ ਅਪਣੇ ਸਾਏ ਤੋਂ ਵੀ ਥਾਂ ਥਾਂ ਬਚਦਾ ਹਾਂ
ਬੜ੍ਹੀ ਵਾਰੀ ਇਨ੍ਹੇ ਮੈਨੂੰ ਡਰਾਇਆ ਹੈ

□

ਏਸ ਤੋਂ ਪਹਿਲਾਂ ਕਵੀ ਨੂੰ ਮਾਰਦੇ
ਹੋ ਗਏ ਟੁਕੜੇ ਕਈ ਤਲਵਾਰ ਦੇ

ਲੋਕ ਤੁਰਦੇ ਨਾਲ ਤਾਂ ਕੁਝ ਹੋਰ ਸੀ
ਫੇਰ ਨਾ ਆਪਾਂ ਕਦੇ ਵੀ ਹਾਰਦੇ

ਫੇਰ ਸਾਲਮ ਨਾ ਕਿਤੇ ਹੋਵੇ ਕੋਈ
ਲੱਖ ਟੁਕੜੇ ਕਰ ਦਿਓ ਜਗਤਾਰ ਦੇ

ਚੀਜ਼ ਕੀ ਸੀ ਜਾਲ਼ ਇਹਨਾਂ ਸਾਮ੍ਹਣੇ
ਉਡਣ ਦੀ ਜੇ ਮਨ 'ਚ ਪੰਛੀ ਧਾਰਦੇ

ਆਪ ਰਾਖੀ ਰੱਖਣਾ, ਅਪਣੀ ਖ਼ਰੇ
ਚੋਰ ਹੋਵੇ ਮਨ 'ਚ ਪਹਿਰੇਦਾਰ ਦੇ

ਧੁੱਪ ਛਾਂ ਵੀ ਮੁੱਲ ਵਿਕਦੀ ਸ਼ਹਿਰ ਵਿਚ
ਦੇਖ ਕੈਸੇ ਰੰਗ ਨੇ ਬਾਜ਼ਾਰ ਦੇ



□

ਉਸ ਦੇ ਮਨ 'ਤੇ ਕੀ ਪਤਾ ਕੀ ਬੀਤਦਾ ਹੈ
ਬਹੁਤ ਡਰ ਲਗਦੈ ਜਦੋਂ ਉਹ ਚੀਕਦਾ ਹੈ

ਕੌਣ ਹੈ ਅਕਸਰ ਮਿਰੇ ਸੀਨੇ 'ਤੇ ਜਿਹੜਾ
ਗੀਤ ਖ਼ੰਜਰ ਨਾਲ ਪਹਿਲਾਂ 'ਲੀਕਦਾ ਹੈ

ਤੇਰੇ ਅੰਦਰ ਜੋ ਕਿਤੇ ਡੂੰਘੀ ਦਬੀ ਹੈ
ਸੁਪਨਿਆਂ ਵਿਚ ਸ਼ੋਰ ਓਸੇ ਚੀਕ ਦਾ ਹੈ

ਇੱਕ ਥਾਂ ਉੱਤੇ ਖੜਾ ਹੈ ਇਹ ਯੁਗਾਂ ਤੋਂ
ਰੁੱਖ ਕਿਹੜੇ ਮੌਸਮਾਂ ਨੂੰ 'ਡੀਕਦਾ ਹੈ

ਕਰਦੇ ਨੇ ਬਸ! ਤਖ਼ਤਾਂ ਦੀ ਪਹਿਰੇਦਾਰੀ
ਦੇਖੋ! ਏਥੇ ਸ਼ਾਇਰ ਵੀ ਨੇ ਸਰਕਾਰੀ

ਗਰਦਨ 'ਤੇ ਹਰ ਵੇਲੇ ਚਲਦੀ ਹੈ ਆਰੀ
ਪਰ ਫਿਰ ਵੀ ਹੁਣ ਤੀਕਰ ਚੀਕ ਨਹੀਂ ਮਾਰੀ

ਲੱਭ ਰਿਹਾ ਹੈ, ਮਿਲਣ ਸ਼ਿਕਾਰੀ ਇਕ ਵਾਰੀ
ਮਨ ਅੰਦਰ ਪੰਛੀ ਨੇ ਖ਼ੌਰੇ ਕੀ ਧਾਰੀ

ਦੇਖੋ! ਇਕ ਵੀ ਬੰਦਾ ਬਣਨਾ ਚਾਹਵੇ ਨਾ
ਬਣਨਾ ਚਾਹਵੇ ਏਥੇ ਹਰ ਇਕ ਦਰਬਾਰੀ



ਸੜਦੇ ਘਰ ਨੂੰ ਦੇਖ ਰਤਾ ਨਾ ਡਰਨਾ ਸੀ
ਅੱਗ ਛੂਹ ਕੇ ਜੇ ਦੇਖੀ ਹੁੰਦੀ ਇਕ ਵਾਰੀ

ਰੋਵਾਂ ਭਾਵੇਂ ਨਾ ਪਰ ਰੋਣ ਨੂੰ ਜੀ ਕਰਦੈ
ਹਰ ਵੇਲੇ ਮਨ ਰਹਿੰਦਾ ਹੈ ਭਾਰੀ ਭਾਰੀ

ਹੋਰਾਂ ਨਾਲ ਲੜਨ ਦਾ ਭੋਰਾ ਵਕਤ ਨਹੀਂ
ਮੇਰੀ ਤਾਂ ਖ਼ੁਦ ਨਾਲ ਲੜਾਈ ਹੈ ਜਾਰੀ

ਦੋਸ਼ ਨਹੀਂ ਚੋਰਾਂ ਦਾ ਇਸਦੇ ਵਿਚ ਕੋਈ
ਤੂੰ ਕਿਉਂ ਸੁੱਤਾ ਤੇਰੀ ਗਲਤੀ ਹੈ ਸਾਰੀ

ਲਿਖਦਾ ਕੁਝ ਹਾਂ ਅੰਦਰ ਹੈ ਕੁਝ ਹੋਰ ਮਿਰੇ
ਆਪੇ ਅਪਣੇ ਨਾਲ ਕਰਾਂ ਮੈਂ ਹੁਸ਼ਿਆਰੀ

ਪਹਿਲਾਂ ਸ਼ਹਿਰੋਂ ਡਰਦਾ ਹੁੰਦਾ ਸੀ ਪਰ ਹੁਣ
ਘਰ ਬੈਠੇ ਨੂੰ ਲੁੱਟ ਲੈਂਦੇ ਨੇ ਵਿਉਪਾਰੀ

ਤਾਂ ਜੋ ਦੁਸ਼ਮਨ ਦਾ ਚਿਹਰਾ ਮੈਂ ਦੇਖ ਸਕਾਂ
ਵਾਰ ਕਰੋ ਮੇਰੇ ਉੱਪਰ ਵਾਰੋ ਵਾਰੀ

ਲੋਕ ਆਖਣ ਤੇਰੇ ਤੋਂ ਅਪਣੀ ਥਾਂ ਖੜਿਆ ਨਾ ਗਿਆ
ਤੇ ਮੈਂ ਸੋਚਾਂ ਦੂਸਰੇ ਦੀ ਥਾਂ 'ਤੇ ਲੜਿਆ ਨਾ ਗਿਆ

ਕੀ ਪਤਾ ਕਿਉਂ ਦੂਰ ਹੀ ਭਜਦੀ ਰਹੀ ਮੈਥੋਂ ਸਦਾ
ਦੌੜਿਆ ਵੀ ਬਹੁਤ ਅਪਣੀ ਛਾਂ ਨੂੰ ਫੜਿਆ ਨਾ ਗਿਆ

ਬੁਝ ਲਿਆ ਉਸਨੇ, ਛੁਪਾ ਪੈਗ਼ਾਮ ਜਿਸ ਤੋਂ ਭੇਜਿਆ
ਗੀਤ ਲਿਖਿਆ ਜਿਸ ਲਈ ਮੈਂ ਉਸ ਤੋਂ ਪੜ੍ਹਿਆ ਨਾ ਗਿਆ

ਹੋਏ ਨਾ ਸ਼ਾਇਦ ਕਦੇ ਪਰ ਸੋਚ ਕੇ ਡਰ ਜਾਈਦੈ
ਕੀ ਬਣੇਗਾ ਫੇਰ ਸੂਰਜ ਤੋਂ ਜੇ ਚੜਿਆ ਨਾ ਗਿਆ

ਨੀਰ ਕੋਲੋਂ ਉਹ ਅਤੇ ਮੈਂ ਅੱਗ ਤੋਂ ਡਰਦਾ ਰਿਹਾ
ਉਸ ਤੋਂ ਡੁਬਿਆ ਨਾ ਗਿਆ ਮੇਰੇ ਤੋਂ ਸੜਿਆ ਨਾ ਗਿਆ

ਦੋਸ਼ ਲਾ ਦਿੱਤਾ ਕਿ ਇਹ ਬੇਦੋਸ਼ ਕਿਉਂ ਹੈ ਸ਼ਹਿਰ ਵਿਚ
ਹੋਰ ਕੋਈ ਜਦ ਮਿਰੇ 'ਤੇ ਦੋਸ਼ ਮੜਿਆ ਨਾ ਗਿਆ



ਸਿਰਫ਼ ਸੁਲਗਣ ਦੀ ਹੀ ਦੋਸਤੋ! ਘਾਟ ਹੈ
ਹਿੱਕ ਵਿਚ ਕਿੰਝ ਦੱਸਾਂ ਕਿਹੀ ਲਾਟ ਹੈ

ਜਦ ਛੁਹੀ ਬੰਸਰੀ ਸਾਮ੍ਹਣੇ ਆ ਗਈ
ਇਹ ਮਿਰੇ ਆਪਣੇ ਮਨ ਦੀ ਕੁਰਲਾਟ ਹੈ

ਕਿਸ ਲਈ ਚੁੱਪ ਹਾਂ ਬੋਲਦਾ ਕਿਉਂ ਨਹੀਂ
ਜਾਪਦਾ ਹੈ ਮੇਰੇ ਵਿਚ ਕੋਈ ਘਾਟ ਹੈ

ਆਪ ਹੀ ਆਪਣੀ ਅੱਗ ਵਿਚ ਸੜ ਰਿਹੈ
ਏਸ ਜੰਗਲ ਦੇ ਸੀਨੇ ਕਿਤੇ ਲਾਟ ਹੈ

ਕੋਲ ਰਹਿ ਕੇ ਵੀ ਇਹ ਤਹਿ ਨ ਹੋਈ ਕਦੇ
ਆਪਣੇ ਦੋਵਾਂ ਵਿਚਕਾਰ ਜੋ ਵਾਟ ਹੈ

ਲੜਾਈ ਜਿੱਤੀ ਜਾਂ ਹਾਰੀ
ਸਮਝਣਾ ਇਉਂ ਨੀਂ ਚਾਹੀਦਾ
ਹਵਾ ਦੇ ਨਾਲ ਲੜਦਾ ਹੈ
ਕਿ ਜੇਰਾ ਦੇਖ ਰਾਹੀ ਦਾ

ਅਸੀਂ ਤਾਂ ਉਹ ਕਰਾਂਗੇ ਬਸ!
ਜੋ ਕੁਝ ਕਰਨਾ ਹੈ ਚਾਹੀਦਾ
ਫ਼ਕੀਰਾਂ ਨੇ ਤੁਸੀਂ ਦੱਸੋ!
ਕੀ ਕਰਨਾ ਬਾਦਸ਼ਾਹੀ ਦਾ

ਬਣੇਗੀ ਖ਼ੂਬ ਦੋਵਾਂ ਦੀ
ਨਿਭੇਗੀ ਅੰਤ ਤਕ ਯਾਰੀ
ਤੂੰ ਨਿਤ ਹੀ ਜ਼ਖ਼ਮ ਦਿੰਦਾ ਏਂ
ਤੇ ਮੈਨੂੰ ਦਰਦ ਚਾਹੀਦਾ

ਦਬਾਈ ਰੱਖਦੈ ਦਿਲ ਵਿਚ
ਕਿਸੇ ਨੂੰ ਵੀ ਨਹੀਂ ਦਸਦਾ
ਬਗ਼ਾਵਤ ਨੂੰ ਜੀ ਕਰਦਾ ਹੈ
ਕਈ ਵਾਰੀ ਸਿਪਾਹੀ ਦਾ

ਉਹ ਕੋਈ ਖ਼ਾਬ ਹੀ ਹੋਵੇ
ਉਹ ਕੋਈ ਖ਼ਿਆਲ ਹੀ ਹੋਵੇ
ਛੁਰੀ, ਖ਼ੰਜਰ ਜਿਹਾ ਅੰਦਰ
ਕੋਈ ਹਥਿਆਰ ਚਾਹੀਦਾ



ਖ਼ਰੇ ਮੈਂ ਕਿਸ ਤਰਾਂ ਦਾ ਹੋ ਗਿਆਂ ਵਿਸ਼ਵਾਸ ਨੀਂ ਹੁੰਦਾ
ਮੈਂ ਜਿਉਂਦਾ ਜਾਗਦਾ ਹਾਂ ਮੈਨੂੰ ਇਹ ਅਹਿਸਾਸ ਨੀਂ ਹੁੰਦਾ

ਕਿ ਸਾਡੀ ਦੇਹ ’ਤੇ ਚਲਦਾ ਹੈ ਪਹੀਆ ਵਕਤ ਦਾ ਫਿਰ ਵੀ
ਕਿਸੇ ਥਾਂ ਪੜ੍ਹਨ ਨੂੰ ਸਾਡਾ ਕੋਈ ਇਤਿਹਾਸ ਨੀਂ ਹੁੰਦਾ

ਕਈ ਕਾਰਨ ਨੇ ਇਸਦੇ ਪੌਣ ਜਿਹੜੀ ਇਉਂ ਭਟਕਦੀ ਹੈ
ਕਿ ਮਤਲਬ ਭਟਕਣਾ ਦਾ ਹਰ ਜਗ੍ਹਾ ’ਤੇ ਪਿਆਸ ਨੀਂ ਹੁੰਦਾ

ਹੁਣੇ ਕਰਕੇ ਦਿਖਾ ਸਾਨੂੰ ਨਹੀਂ ਫਿਰ ਖ਼ੁਦ ਕਰਾਂਗੇ ਕੁਝ
ਕਿ ਤੇਰੇ ਲਾਰਿਆਂ ਦੇ ਨਾਲ ਹੁਣ ਧਰਵਾਸ ਨੀਂ ਹੁੰਦਾ

ਕਿਸੇ ਰਾਹੀ ਦੇ ਆਖਣ ਨਾਲ ਦਰਿਆ ਰੁਕ ਗਿਆ ਇਕਦਮ
ਇਹੀ ਸੁਣਿਆ ਹੈ ਮੈਂ ਪਰ ਏਸ ’ਤੇ ਵਿਸ਼ਵਾਸ ਨੀਂ ਹੁੰਦਾ

ਕੀ ਕਰੇਗਾ ਜੇ ਬਗ਼ਾਵਤ ਨਾ ਕਰੇਗਾ
ਐ ਹਵਾ! ਪੰਛੀ ਕਦੋਂ ਤੀਕਰ ਡਰੇਗਾ

ਅੱਗ ਕਿਸ ਕਿਸ ਨੇ ਕਦੋਂ ਤੇ ਕਿੰਝ ਲਾਈ
ਵਕਤ ਆਵਣ ਦੇ ਇਹ ਜੰਗਲ ਸਿਧ ਕਰੇਗਾ

ਐ ਕਵੀ! ਫਿਰ ਜ਼ਖ਼ਮ ਤੈਨੂੰ ਹੋਰ ਦੇਣਾ
ਦੇਖਦੇ ਹਾਂ ਜ਼ਖ਼ਮ ਇਹ ਕਦ ਤਕ ਭਰੇਗਾ

ਜੇ ਰਿਹਾ ਡਰਦਾ ਤੂੰ ਅਪਣੇ ਆਪ ਕੋਲੋਂ
ਫੇਰ ਤੇਰੇ ਤੋਂ ਭਲਾ! ਕਿਹੜਾ ਡਰੇਗਾ

ਕਾਤਲਾਂ ਨੇ ਖੇਡ ਐਸੀ ਖੇਡ ਦਿੱਤੀ
ਆਦਮੀ ਹੁਣ ਖ਼ੁਦਕੁਸ਼ੀ ਕਰਕੇ ਮਰੇਗਾ



ਰਿਹਾ ਰੋਕਣ 'ਚ ਮੈਂ ਅੱਜ ਫੇਰ ਨਾਕਾਮ
ਕਿ ਖ਼ੰਜਰ ਵਾਂਗ ਉਤਰੀ ਹਿੱਕ ਵਿਚ ਸ਼ਾਮ

ਬਦਲ ਹੁੰਦਾ ਨਹੀਂ ਜਦ ਕੁੱਝ ਵੀ ਹੋਰ
ਬਦਲ ਲੈਂਦੈ ਕਵੀ ਫਿਰ ਆਪਣਾ ਨਾਮ

ਡੁਬੋਇਆ ਬੰਦਿਆਂ ਨੂੰ ਖ਼ੁਦ ਹੀ ਦਰਿਆ 'ਚ
ਅਤੇ ਦਰਿਆ 'ਤੇ ਲਾਏ ਕਿੰਨੇ ਇਲਜ਼ਾਮ

ਕੀ ਮੁਸ਼ਕਿਲ ਹੈ ਇਹ ਲੋਕੀਂ ਸੁਣਦੇ ਤਾਂ ਹੋਣ
ਕਿ ਫਿਰ ਤਾਂ ਚੀਕ ਵੀ ਬਣ ਜਾਏ ਪੈਗ਼ਾਮ

ਇਹੀ ਪੁੱਛਣ ਲਈ ਕੀ ਸੁਲਗੇ ਮੇਰੇ 'ਚ
ਮੈਂ ਇਕ ਚਿੱਠੀ ਲਿਖੀ ਹੈ ਅੱਗ ਦੇ ਨਾਮ

□

ਜੀਣ ਬਹਾਨੇ ਆਪਾਂ ਮਰ ਕੇ ਵੇਖ ਲਿਆ
ਦੁਨੀਆਦਾਰੀ ਨੂੰ ਜੀ ਭਰ ਕੇ ਵੇਖ ਲਿਆ

ਇੱਛਾ ਸੀ ਮਨ ਦੇ ਵਿਚ ਪਰ ਮੈਂ ਲੜਿਆ ਨੀਂ
ਡਰ ਵਿਚ ਕੁਝ ਨੀਂ ਯਾਰੋ! ਡਰ ਕੇ ਵੇਖ ਲਿਆ

ਸੀਨੇ ਵਿਚਲੇ ਭਾਂਬੜ ਸਾਵੇਂ ਕੁਝ ਵੀ ਨੀਂ
ਇਸ ਅਗਨੀ ਦਾ ਸੇਕ ਮੈਂ ਜਰ ਕੇ ਵੇਖ ਲਿਆ

ਵੇਖ ਨ ਹੋਇਆ ਸੜਦਾ ਜੰਗਲ ਪਰ ਫਿਰ ਵੀ
ਮੈਂ ਦਿਲ ਉੱਤੇ ਪੱਥਰ ਧਰ ਕੇ ਵੇਖ ਲਿਆ

ਸੁਪਨੇ ਦੇ ਵਿਚ ਜਿੱਤ ਲਿਆ ਕਿੰਨੀ ਵਾਰੀ
ਅਸਲੀਅਤ ਦੇ ਵਿਚ ਮੈਂ ਹਰ ਕੇ ਵੇਖ ਲਿਆ

ਦੱਸੋ! ਮੈਨੂੰ ਹੋਰ ਕੋਈ ਜੇ ਰਸਤਾ ਹੈ
ਅੱਗ ਬੁਝੀ ਨਾ ਹੌਕਾ ਭਰ ਕੇ ਵੇਖ ਲਿਆ

ਵਹਿਣ ਹਵਾ ਦਾ ਮੋੜ ਨ ਸਕਿਆ ਮੈਂ ਫਿਰ ਵੀ
ਜੋ ਕਰ ਸਕਦਾ ਸੀ ਸਭ ਕਰਕੇ ਵੇਖ ਲਿਆ

ਜੋ ਤੈਥੋਂ ਖ਼ਾਬਾਂ ਵਿਚ ਜਰਿਆ ਜਾਣਾ ਨੀਂ
ਏਸ ਕਵੀ ਨੇ ਸੀਨੇ ਜਰ ਕੇ ਵੇਖ ਲਿਆ



□

ਕੱਲ੍ਹ ਨੂੰ ਇਹ ਫਿਰ ਲੜਾਈ ਲੜਨਗੇ
ਡੁਬ ਗਏ ਸੂਰਜ ਦੁਬਾਰਾ ਚੜ੍ਹਨਗੇ

ਕੀ ਪਤਾ ਬੱਚੇ ਉਦੋਂ ਕੀ ਕਹਿਣਗੇ
ਜਦ ਕਦੇ ਉਹ ਸਾਡੇ ਬਾਰੇ ਪੜ੍ਹਨਗੇ

ਫੜ ਸਕੇ ਨਾ ਮਨ 'ਚ ਬੈਠੇ ਚੋਰ ਨੂੰ
ਘਰ 'ਚ ਆਏ ਚੋਰ ਨੂੰ ਕੀ ਫੜਨਗੇ

ਇਸ ਤਰ੍ਹਾਂ ਬੁਝਣੀ ਨਹੀਂ ਇਸ ਵਾਰ ਅੱਗ
ਘਰ ਸੜੇ ਜੇ ਤਖ਼ਤ ਵੀ ਫਿਰ ਸੜਨਗੇ

ਹੁਕਮ ਦੇ ਬੰਨੇ ਹੋਏ ਜੋ ਦੌੜਦੇ
ਕਿਸ ਤਰ੍ਹਾਂ ਉਹ ਨਾਲ ਸਾਡੇ ਖੜਨਗੇ

ਹਾਰ ਬੈਠੇ ਜੋ ਉਨ੍ਹਾਂ ਨੇ ਹਾਰਨਾ
ਜਿੱਤ ਜਾਣਾ ਹੈ, ਉਨ੍ਹਾਂ ਜੋ ਲੜਨਗੇ

ਦੋਸ਼ ਬਸ! ਇੱਕੋ ਹੈ ਕਵਿਤਾ ਲਿਖਣ ਦਾ
ਕੀ ਪਤਾ ਸੀ ਦੋਸ਼ ਇੰਨੇ ਮੜ੍ਹਨਗੇ

ਦੱਸ! ਕਿੱਥੋਂ ਸਿੱਖਿਆ ਤੂੰ
ਪੌਣ ਨੂੰ ਇਉਂ ਤਾਲ ਦੇਣਾ
ਨੀਰ ਕਰ ਦੇਣਾ ਘਟਾ ਨੂੰ
ਤੇ ਨਦੀ ਨੂੰ ’ਛਾਲ ਦੇਣਾ

ਰੋਜ਼ ਦੇ ਤੂੰ ਜ਼ਖ਼ਮ ਮੈਨੂੰ
ਹੁਣ ਨਹੀਂ ਹੈ ਫ਼ਿਕਰ ਕੋਈ
ਸਿਖ ਲਿਆ ਹੈ ਦਰਦ ਨੂੰ ਮੈਂ
ਗੀਤ ਦੇ ਵਿਚ ਢਾਲ ਦੇਣਾ

ਬਸ! ਇਹੀ ਹੈ ਕਰਮ ਤੇਰਾ
ਬਸ! ਇਹੀ ਹੈ ਧਰਮ ਤੇਰਾ
ਜਿਸ ਥਾਂ ਵੀ ਹੋਵੇ ਹਨੇਰਾ
ਦੀਪ ਉਸ ਥਾਂ ਬਾਲ ਦੇਣਾ

ਸ਼ਹਿਰ ਦੀ ਸੁਖ ਪੁੱਛਦੀ ਸੀ
ਆਪਣੇ ਦੁਖ ਦੱਸਦੀ ਸੀ
ਰਹਿ ਗਈ ਕਿੱਧਰ ਹਵਾ ਉਹ
ਹੋ ਸਕੇ ਤਾਂ ਭਾਲ਼ ਦੇਣਾ

ਕੀ ਪਤਾ ਹੁਣ ਕੀ ਬਣੇਗਾ
ਇਹ ਸੁਭਾ ਹੀ ਬਣ ਗਿਆ ਹੈ
ਚੁੱਪ ਰਹਿਣਾ ਦੇਖ ਕੇ ਸਭ
ਹਰ ਲੜਾਈ ਟਾਲ ਦੇਣਾ



ਕਿਸੇ ਦੀ ਜਿੱਤ ਦਾ ਤੇ ਨਾ ਕਿਸੇ ਦੀ ਹਾਰ ਦਾ ਕਿੱਸਾ
ਸੁਣਾਵਾਂਗਾ ਤੁਹਾਨੂੰ ਅੱਜ ਮੈਂ ਜਗਤਾਰ ਦਾ ਕਿੱਸਾ

ਪੜ੍ਹੇ ਕਿੱਸੇ ਬੜ੍ਹੇ ਹੀ ਮੈਂ ਪਰੀਆਂ, ਬਾਦਸ਼ਾਹਾਂ ਦੇ
ਕਦੇ ਵੀ ਨਾ ਕਿਤੇ ਪੜ੍ਹਿਆ ਮੈਂ ਜ਼ਖ਼ਮੀ ਡਾਰ ਦਾ ਕਿੱਸਾ

ਖਰੀਦਣ ਵਾਸਤੇ ਤੁਰਿਆ ਸੀ ਕੀ ਕੀ ਵੇਚ ਆਇਆ ਹਾਂ
ਸੁਣਾ ਹੁੰਦਾ ਨਹੀਂ ਮੈਥੋਂ ਕਿ ਛਡ! ਬਾਜ਼ਾਰ ਦਾ ਕਿੱਸਾ

ਸੁਣਾਵਾਂਗਾ ਕਦੇ ਤੈਨੂੰ ਜਦੋਂ ਫ਼ੁਰਸਤ ਮਿਲੀ ਮੈਨੂੰ
ਕਿਤੇ ਲੰਮਾ ਹੈ ਉਸਦੀ ਜਿਤ ਤੋਂ ਮੇਰੀ ਹਾਰ ਦਾ ਕਿੱਸਾ

ਕਿਤਾਬਾਂ ਵਿਚ ਖ਼ਿਆਲਾਂ ਵਿਚ ਕਿਤੇ ਵੀ ਹੈ ਨਹੀਂ ਯਾਰੋ!
ਨਾ ਮੇਰੇ ਹਿਜ਼ਰ ਦਾ ਕਿੱਸਾ ਨਾ ਮੇਰੇ ਪਿਆਰ ਦਾ ਕਿੱਸਾ

ਕਿਤੇ ਨਾ ਜ਼ਿਕਰ ਆਏਗਾ ਉਦ੍ਹੇ ਵਿਚ ਤੇਰਾ ਤੇ ਮੇਰਾ
ਲਿਖੇਗਾ ਕੋਈ ਦਰਬਾਰੀ ਜਦੋਂ ਦਰਬਾਰ ਦਾ ਕਿੱਸਾ

ਲੈਣ ਤੁਰਿਆ ਸੀ ਖ਼ਬਰ ਸੰਸਾਰ ਦੀ
ਬਣ ਗਿਆ ਪਰ ਖ਼ੁਦ ਖ਼ਬਰ ਅਖ਼ਬਾਰ ਦੀ

ਹਿੱਲਦੀ ਹੈ ਤਾਰ ਕਿਉਂ ਦਰਬਾਰ ਦੀ
ਗੱਲ ਕਰਦਾ ਹਾਂ ਜਦੋਂ ਬਾਜ਼ਾਰ ਦੀ

ਉਡਣ ਤੋਂ ਪਹਿਲਾਂ ਜੇ ਪੰਛੀ ਸੋਚਦੇ
ਜਾਨ ਬਚ ਜਾਣੀ ਸੀ ਪੂਰੀ ਡਾਰ ਦੀ

ਸ਼ਹਿਰ ਦੀ ਚਿੰਤਾ ਕਿਵੇਂ ਕੋਈ ਕਰੇ
ਹਰ ਕਿਸੇ ਨੂੰ ਫ਼ਿਕਰ ਹੈ ਰੁਜ਼ਗਾਰ ਦੀ



ਇਸ਼ਤਿਹਾਰਾਂ ਦੀ ਲੜਾਈ ਰਹਿ ਗਈ
ਮੋਰਚੇ ਦੀ ਤੇ ਨਾ ਹੀ ਹਥਿਆਰ ਦੀ

ਵਿਕਣ ਖਾਤਰ ਤਿਆਰ ਹਰ ਇਕ ਆਦਮੀ
ਚੀਜ਼ ਹੋਵੇ ਜਿਉਂ ਕੋਈ ਬਾਜ਼ਾਰ ਦੀ

ਰੋਹ ਦੇ ਵਿਚ ਆਈ ਸੀ ਪੁਸਤਕ ਜਦੋਂ
ਉਡ ਗਈ ਸੀ ਹੋਸ਼ ਫਿਰ ਤਲਵਾਰ ਦੀ

ਐ ਮੁਸਾਫ਼ਿਰ! ਭੁੱਲ ਜਾਣੀ ਹੈ ਦਿਸ਼ਾ
ਕਰ ਨ ਏਨੀ ਫ਼ਿਕਰ ਤੂੰ ਘਰ ਬਾਰ ਦੀ

ਹਰ ਗਈ ਬੰਸੀ ਤੋਂ ਜੋ ਸੀ ਆਖਦੀ
ਅੱਗ ਹਾਂ ਮੈਂ ਨੀਂ ਕਿਸੇ ਤੋਂ ਹਾਰਦੀ

ਇਹ ਕਿਸੇ ਦੀ ਵੀ ਨਹੀਂ ਤਲਵਾਰ ਹੈ
ਨਾ ਹੀ ਬਾਗ਼ੀ ਦੀ ਨਾ ਪਹਿਰੇਦਾਰ ਦੀ

ਮਨ 'ਚ ਕੁਝ ਹੈ ਲਿਖ ਰਿਹਾ ਏਂ ਹੋਰ ਕੁਝ
ਗੱਲ ਕਰਦੈਂ ਸਾਲਮਾ! ਵਿਚਕਾਰ ਦੀ

ਸ਼ਿਕਾਰੀਆਂ ਨੂੰ ਏਸਦਾ ਰਤਾ ਵੀ ਨਾ ਗਿਆਨ ਹੈ
ਘਿਰੇ ਪਰਿੰਦਿਆਂ ਦੇ ਖ਼ਿਆਲ ਵਿੱਚ ਆਸਮਾਨ ਹੈ

ਕਟਾਰ ਤਾਂ ਹੈ ਦੋਸਤੋ! ਬਿਗਾਨਿਆਂ ਦੇ ਹੱਥ ਵਿਚ
ਇਹ ਜਾਣਦਾ ਹਾਂ ਮੈਂ ਕਿ ਮੇਰੇ ਹੱਥ ਬਸ! ਮਿਆਨ ਹੈ

ਨਹੀਂ ਰਤਾ ਵੀ ਡਰ ਅਜੇ ਵਜ਼ੀਰੀਆਂ ਨੂੰ ਦੋਸਤੋ!
ਅਜੇ ਤਾਂ ਝੰਡੇ ਝੂਲਦੇ ਅਜੇ ਤਾਂ ਕਾਇਮ ਸ਼ਾਨ ਹੈ

ਖ਼ਿਆਲ ਕੱਢ ਦੇ ਤੂੰ ਵਸਣ ਦਾ ਨਗਰ 'ਚ ਹੁਣ ਦਿਲੋਂ
ਬਣੇਗਾ ਮਹਿਲ ਏਸ ਥਾਂ 'ਤੇ ਜਿਸ ਥਾਂ ਇਹ ਮਕਾਨ ਹੈ

ਮੈਂ ਸੋਚਦਾ ਹਾਂ ਕੀ ਕਰਾਂ ਕੀ ਨਾ ਕਰਾਂ ਇਹ ਜਾਪਦੈ
ਕਿ ਜੀਣ ਵਿੱਚ ਔਖ ਹੈ ਤੇ ਮੌਤ ਕੁਝ ਅਸਾਨ ਹੈ



ਮੈਨੂੰ ਜੋ ਪੀੜਾ ਉਹ ਤੈਨੂੰ ਤਾਂ ਹੋਵੇ
ਜੇ ਤੇਰੀ ਗਰਦਨ ਆਰੇ ਹੇਠਾਂ ਹੋਵੇ

ਡਰ ਕੇ ਦੌੜ ਰਿਹੈਂ ਤੂੰ ਇੰਨਾ ਜਿਸ ਕੋਲੋਂ
ਦੇਖੀਂ ਕਿਧਰੇ ਉਹ ਤੇਰੀ ਹੀ ਛਾਂ ਹੋਵੇ

ਹਰ ਵਰਕੇ ਨੂੰ ਇਉਂ ਨਾ ਅੱਗ 'ਚ ਸੁੱਟਿਆ ਕਰ
ਵਰਕੇ ਉੱਤੇ ਖ਼ਬਰੇ ਤੇਰਾ ਨਾਂ ਹੋਵੇ

ਮਨ ਵਿਚ ਜੋ ਆਇਆ ਉਹ ਕਰਨਾ ਰਾਜੇ ਨੇ
ਤੇਰੀ ਭਾਵੇਂ ਨਾਂਹ ਹੋਵੇ ਜਾਂ ਹਾਂ ਹੋਵੇ

ਪਹਿਲਾਂ ਵਸਤਾਂ ਦੇ ਨਾਲ ਘਰ ਨੂੰ ਭਰਿਆ ਮੈਂ
ਹੁਣ ਲੱਭਾਂ ਜੇ ਮੇਰੇ ਖਾਤਰ ਥਾਂ ਹੋਵੇ

ਸਮਿਆਂ ਨੂੰ ਬਦਲਣ ਬਾਰੇ ਮੈਂ ਫਿਰ ਸੋਚਾਂ
ਜੇ ਸੋਚਣ ਦਾ ਮੇਰੇ ਕੋਲ ਸਮਾਂ ਹੋਵੇ

□

ਘਰ ਕਿੱਥੇ ਹੈ ਯਾਰੋ! ਚਾਰਦੀਵਾਰੀ ਹੈ
ਨਾ ਦਰਵਾਜ਼ਾ ਹੈ ਨਾ ਕੋਈ ਬਾਰੀ ਹੈ

ਕੀ ਦੱਸਾਂ ਮੈਂ ਗੱਲ ਮੇਰੀ ਬੇਹੋਸ਼ੀ ਦੀ
ਮੇਰੀ ਥਾਂ 'ਤੇ ਚੀਕ ਕਿਸੇ ਨੇ ਮਾਰੀ ਹੈ

ਸ਼ਾਇਰ ਕੋਲੋਂ ਕਿਉਂ ਡਰਨਾ ਹੈ ਰਾਜੇ ਨੇ
ਉਸ ਤੋਂ ਡਰਦੈ ਜਿਸ ਕੋਲੇ ਚਿੰਗਾਰੀ ਹੈ

ਰਾਜੇ ਨੂੰ ਸ਼ਾਇਦ ਇਸ ਗੱਲ ਦਾ ਗਿਆਨ ਨਹੀਂ
ਤਲਵਾਰਾਂ ਤੋਂ ਕਾਨੀ ਕਿਧਰੇ ਭਾਰੀ ਹੈ



ਭਰਮ ਨਾ ਪਾ ਲੋਕਾਂ ਨੂੰ ਬਾਗ਼ੀ ਹੋਵਣ ਦਾ
ਤੇਰੀ ਬੋਲੀ ਤਾਂ ਸਾਲਮ ਸਰਕਾਰੀ ਹੈ

ਪਹਿਲਾ ਤੀਰ ਸ਼ਿਕਾਰੀ ਦਾ ਸੀਨੇ ਖੁਭਿਆ
ਦੇਖੋ! ਹੁਣ ਜ਼ਖ਼ਮੀ ਪੰਛੀ ਦੀ ਵਾਰੀ ਹੈ

ਫੇਰ ਬਚਾ ਨਾ ਸਕਿਆ ਸੂਰਜ ਡੁੱਬਣ ਤੋਂ
ਮੇਰੀ ਤਾਂ ਉਮਰਾਂ ਤੋਂ ਕੋਸ਼ਿਸ਼ ਜਾਰੀ ਹੈ

ਪੂਰਾ ਹੈ ਵਿਸ਼ਵਾਸ ਤੇਰੇ 'ਤੇ ਯਾਰਾ! ਪਰ
ਮੈਨੂੰ ਅਪਣੇ ਆਪ 'ਤੇ ਬੇਇਤਬਾਰੀ ਹੈ

ਹਾਰ ਗਏ ਹਾਂ ਆਪਾਂ ਘਰ ਬੈਠੇ ਬੈਠੇ
ਰਾਹਗੀਰਾਂ ਨੇ ਕਦੋਂ ਲੜਾਈ ਹਾਰੀ ਹੈ

ਅੱਖ ਬਚਾ ਕੇ ਲੁੱਟ ਲੈਂਦੇ ਨੇ ਰਾਹੀ ਨੂੰ
ਪੁੱਛੋ ਨਾ ਬਸ! ਕੈਸੀ ਪਹਿਰੇਦਾਰੀ ਹੈ

ਹੌਲ ਜਿਹੇ ਪੈਂਦੇ ਨੇ ਦੁਖਦਾ ਕੁੱਝ ਨਹੀਂ

□

ਕੀ ਕਹੇ ਕੋਈ ਲੈ ਏਸ ਵਿਉਪਾਰ ਨੂੰ
ਰੱਦੀ ਵਿਚ ਦੇ ਗਿਆ ਤਾਜ਼ੇ ਅਖ਼ਬਾਰ ਨੂੰ

ਏਸਦੇ ਵਿੱਚ ਬੂਹਾ ਬਣਾਉਣਾ ਹੈ ਮੈਂ
ਸੋਚਦਾਂ ਕਿੰਝ ਦੱਸਾਂ ਇਹ ਦੀਵਾਰ ਨੂੰ

ਹੈ ਸ਼ਿਕਾਰੀ ਨਗਰ ਵਿੱਚ ਹਰ ਆਦਮੀ
ਡਰ ਤਾਂ ਹੀ ਲੱਗਦੈ ਉਡਣ ਤੋਂ ਡਾਰ ਨੂੰ

ਮਿਲ ਗਈ ਰਾਗ਼ੀ ਦੀ ਓਸਨੂੰ ਨੌਕਰੀ
ਜਿੱਤ ਵਿਚ ਗਿਣ ਰਿਹੈ ਆਪਣੀ ਹਾਰ ਨੂੰ

ਸਾਮ੍ਹਣੇ ਆਉਂਦਿਆਂ ਚੁੱਪ ਹੋ ਜਾਂਦੀ ਹੈ
ਬੰਸਰੀ ਕੀ ਕਹੇ ਦੱਸ ਤਲਵਾਰ ਨੂੰ

ਅੱਜ ਬਾਜ਼ਾਰ ਪੇਂਡੂਆਂ ਨੂੰ ਲੱਭਦੈ
ਲੱਭਦੇ ਸੀ ਕਦੇ ਪੇਂਡੂ ਬਾਜ਼ਾਰ ਨੂੰ



□

ਦੇਖਿਆ ਸਾਲਮ ਨੂੰ ਅਕਸਰ ਤੋੜ ਕੇ
ਦੇਖਿਆ ਨਾ ਕਤਰਿਆਂ ਨੂੰ ਜੋੜ ਕੇ

ਲੈ ਗਿਆ ਸੀ ਕੌਣ ਮੈਨੂੰ ਸਫ਼ਰ 'ਤੇ
ਘਰ ਲਿਆਇਆ ਕੌਣ ਮੈਨੂੰ ਮੋੜ ਕੇ

ਰੁੱਖ ਆਸਾਂ ਦਾ ਅਜੇ ਵੀ ਝੂਮਦਾ
ਲੈ ਗਿਆ ਤੂਫ਼ਾਨ ਕੀ ਕੀ ਰੋੜ੍ਹ ਕੇ

ਰਹਿਣ ਦੇ ਤੂੰ ਸਾਲਮਾ! ਝੱਲਾ ਨ ਹੋ
ਪੌਣ ਨੂੰ ਕਿਹੜਾ ਲਿਆਵੇ ਮੋੜ ਕੇ

ਬਹੁਤ ਪਿੱਛੇ ਰਹਿ ਗਈ ਮੰਜ਼ਿਲ ਤਿਰੀ
ਬਹੁਤ ਅੱਗੇ ਆ ਗਿਆ ਏਂ ਦੌੜ ਕੇ

□

ਹੋਸ਼ ਰਤਾ ਵੀ ਹੈ ਤੈਨੂੰ ਕੀ ਹੋਇਆ ਹੈ
ਅੱਗ ਲਈ ਫੁੱਲਾਂ ਦਾ ਹਾਰ ਪਰੋਇਆ ਹੈ

ਮੇਰੇ ਅੰਦਰ ਚਿਰ ਦਾ ਬੰਦਾ ਮੋਇਆ ਹੈ
ਘਰ ਵਿਚ ਕੋਈ ਇਕ ਦਿਨ ਵੀ ਨਾ ਰੋਇਆ ਹੈ

ਖ਼ਬਰੇ ਕਦ ਇਹ ਮੇਰਾ ਸੀਨਾ ਚੀਰ ਦਵੇ
ਸੀਨੇ ਵਿਚ ਮੈਂ ਐਸਾ ਦਰਦ ਲੁਕੋਇਆ ਹੈ

ਅਪਣਾ ਘਰ ਵੀ ਲਭਦਾ ਹਾਂ ਤਖ਼ਤੀ ਪੜ੍ਹ ਕੇ
ਮੇਰੇ ਨਾਲ ਕਈ ਵਾਰੀ ਇਉਂ ਹੋਇਆ ਹੈ

ਜੇ ਦਰਵਾਜ਼ਾ ਖੁੱਲ੍ਹਾ ਹੋਵੇ ਡਰ ਲਗਦੈ
ਏਸੇ ਕਰਕੇ ਮੈਂ ਦਰਵਾਜ਼ਾ ਢੋਇਆ ਹੈ

ਲੋਕ ਚੁਫ਼ੇਰੇ ਖੜੇ ਤਮਾਸ਼ਾ ਦੇਖ ਰਹੇ
ਤੇ ਵਿਚਕਾਰ ਪਰਿੰਦਾ ਘਿਰਿਆ ਹੋਇਆ ਹੈ



□

ਨਾ ਚੋਰਾਂ ਕੋਲੋਂ ਤੇ ਨਾ ਹਥਿਆਰਾਂ ਤੋਂ ਡਰ ਲਗਦਾ ਹੈ
ਏਥੋਂ ਦੇ ਲੋਕਾਂ ਨੂੰ ਪਹਿਰੇਦਾਰਾਂ ਤੋਂ ਡਰ ਲਗਦਾ ਹੈ

ਸੜਦੇ ਜੰਗਲ ਦੀ ਫੋਟੋ ਕੀ ਦੇਖ ਲਈ ਅਖ਼ਬਾਰਾਂ ਵਿਚ
ਬਸ! ਉਸ ਦਿਨ ਤੋਂ ਹੀ ਇਸਨੂੰ ਅਖ਼ਬਾਰਾਂ ਤੋਂ ਡਰ ਲਗਦਾ ਹੈ

ਇਸਦੀ ਛਾਵੇਂ ਬਹਿ ਕੇ ਯਾਰੋ! ਕਰਿਆ ਨਾ ਕਰੋ ਅੱਗ ਦੀ ਗੱਲ
ਮੇਰੇ ਵਿਹੜੇ ਦੇ ਰੁੱਖ ਨੂੰ ਅੰਗਿਆਰਾਂ ਤੋਂ ਡਰ ਲਗਦਾ ਹੈ

ਇਕ ਪਲ ਤਾਂ ਆਉਂਦਾ ਹੈ ਮਨ ਵਿਚ ਬਾਗ਼ੀ ਹੋਵਣ ਦਾ ਖ਼ਿਆਲ
ਦੂਜੇ ਪਲ ਫਿਰ ਅਪਣੇ ਇਨ੍ਹਾਂ ਵਿਚਾਰਾਂ ਤੋਂ ਡਰ ਲਗਦਾ ਹੈ

ਫ਼ੌਜਾਂ ਨੇ ਤੇਰੀਆਂ ਕਵਿਤਾਵਾਂ ਤੋਂ ਨੀਂ ਡਰਨਾ ਐ ਸਾਲਮ!
ਫ਼ੌਜਾਂ ਨੂੰ ਤਾਂ ਬਸ! ਤੀਰਾਂ, ਤਲਵਾਰਾਂ ਤੋਂ ਡਰ ਲਗਦਾ ਹੈ

ਦੇਖੋ! ਡਰਿਆ ਨਾ ਲਓ ਬਾਜ਼ੀ ਮਾਰ ਗਿਆ
ਪੰਛੀ ਕੋਲੋਂ ਅੰਤ ਸ਼ਿਕਾਰੀ ਹਾਰ ਗਿਆ

ਪਿਛਲੀ ਉਮਰੇ ਇਹ ਕੀ ਆਈ ਮਨ ਅੰਦਰ
ਢੇਰ ਖਿਡੌਣੇ ਲੈ ਆਇਆ ਬਾਜ਼ਾਰ ਗਿਆ

ਐ ਸ਼ਾਇਰ! ਸਭ ਚੋਰ ਤਿਰੇ 'ਤੇ ਹਸਦੇ ਨੇ
ਇਸ ਵਾਰੀ ਵੀ ਖ਼ਾਲੀ ਤੇਰਾ ਵਾਰ ਗਿਆ

ਡੁੱਬ ਗਿਆਂ ਦਾ ਥਹੁ ਨਾ ਲੱਗਿਆ ਫੇਰ ਕਦੇ
ਮੈਂ ਦਰਿਆ ਤੋਂ ਪੁੱਛਣ ਲਈ ਸੌ ਵਾਰ ਗਿਆ

ਬਣ ਬੈਠਾ ਦਰਬਾਰੀ ਜਾਨ ਬਚਾਉਣ ਲਈ
ਮੌਕੇ ਉੱਤੇ ਸਾਲਮ ਵਕਤ ਵਿਚਾਰ ਗਿਆ



ਮੈਂ ਤਾਂ ਡਰਿਆ ਬੈਠਾ ਹਾਂ ਲੈ ਕੇ ਲੋਈ
ਮੇਰੇ ਅੰਦਰ ਫਿਰਦਾ ਹੈ ਨੰਗਾ ਕੋਈ

ਜੇ ਲੜਦਾ ਸ਼ਾਇਦ ਇਹ ਹਾਲਤ ਨਾ ਹੁੰਦੀ
ਘਰ ਬੈਠੇ ਦੀ ਮੇਰੀ ਜੋ ਹਾਲਤ ਹੋਈ

ਤਗ਼ਮੇ ਸਮਝੇ ਜਿਹੜਾ ਡੂੰਘੇ ਜ਼ਖ਼ਮਾਂ ਨੂੰ
ਐਸਾ ਬੰਦਾ ਹੁੰਦਾ ਹੈ ਕੋਈ ਕੋਈ

ਇਹ ਵੀ ਹੈ ਇਕ ਢੰਗ ਕਵੀ ਨੂੰ ਮਾਰਨ ਦਾ
ਕੱਫ਼ਨ ਦੀ ਥਾਵੇਂ ਜੋ ਦਿੰਦੇ ਨੇ ਲੋਈ

ਅਗਨੀ ਤੋਂ ਇੱਥੇ ਹਰ ਕੋਈ ਡਰਦਾ ਹੈ
ਕਿਹੜਾ ਸੁਣਦਾ ਹੈ ਰੁੱਖਾਂ ਦੀ ਅਰਜ਼ੋਈ

ਫਿਰ ਆਇਆ ਹੈ ਨਾਂ ਵਿਚ ਪਹਿਰੇਦਾਰਾਂ ਦਾ
ਰਾਤੀ ਮੇਰੇ ਸ਼ਹਿਰ 'ਚ ਫਿਰ ਚੋਰੀ ਹੋਈ

□

ਦਿਖਾ ਤੂੰ ਰੋਕ ਕੇ ਮੈਂ ਵਾਰ ਕਰਦਾ ਹਾਂ
ਕਿ ਤੇਰੇ ਹੁਕਮ ਤੋਂ ਇਨਕਾਰ ਕਰਦਾ ਹਾਂ

ਹਵਾ ਉਸ ਵਕਤ ਰੁਖ਼ ਨੂੰ ਮੋੜ ਲੈਂਦੀ ਹੈ
ਹਵਾ 'ਤੇ ਮੈਂ ਜਦੋਂ ਇਤਬਾਰ ਕਰਦਾ ਹਾਂ

ਖ਼ਰੇ ਕਿਉਂ ਦਿਲ ਦੀ ਮੈਥੋਂ ਕਹਿ ਨਹੀਂ ਹੁੰਦੀ
ਕਿ ਅਗਨੀ ਨਾਲ ਜਦ ਤਕਰਾਰ ਕਰਦਾ ਹਾਂ

ਕਵੀ ਹਾਂ ਵਾਰ ਕਰਨੋਂ ਪਹਿਲਾਂ ਇਕ ਵਾਰੀ
ਕਲਮ ਦੇ ਨਾਲ ਮੈਂ ਹੁਸ਼ਿਆਰ ਕਰਦਾ ਹਾਂ

ਬਹਾਨਾ ਲੱਭ ਪੈਂਦੈ ਜੀਣ ਦਾ, ਜਦ ਵੀ
ਮੈਂ ਖ਼ੁਦ ਨੂੰ ਮਰਨ ਖਾਤਰ ਤਿਆਰ ਕਰਦਾ ਹਾਂ

ਸਿਪਾਹੀ ਨੂੰ ਮੈਂ ਫਿਰ ਰਾਹੀ ਸਮਝ ਬੈਠਾ
ਇਹੀ ਗ਼ਲਤੀ ਮੈਂ ਕਿਉਂ ਹਰ ਵਾਰ ਕਰਦਾ ਹਾਂ



□

ਹੋਰ ਕੋਈ ਰਾਹ ਨਹੀਂ ਜਗਤਾਰ ਸਾਵੇਂ
ਬੰਸਰੀ ਖ਼ਾਮੋਸ਼ ਹੈ ਤਲਵਾਰ ਸਾਵੇਂ

ਕੀ ਤੁਹਾਨੂੰ ਵੀ ਕਦੇ ਇਹ ਜਾਪਦੈ ਜਿਉਂ
ਜਿੱਤ ਦੀ ਖ਼ਾਹਿਸ਼ ਖੜੀ ਹੈ ਹਾਰ ਸਾਵੇਂ

ਪਰਤ ਆਇਆ ਆਖ਼ਰੀ ਵੇਲੇ ਸਫ਼ਰ ਤੋਂ
ਜਾਪਦੈ ਫਿਰ ਆ ਗਿਆ ਘਰ ਬਾਰ ਸਾਵੇਂ

ਅੱਜ ਜੰਗਲ ਵਿਚ ਤਮਾਸ਼ਾ ਦੇਖਿਆ ਮੈਂ
ਚੁੱਪ ਖੜਿਆ ਸੀ ਸ਼ਿਕਾਰੀ ਡਾਰ ਸਾਵੇਂ

ਤਖ਼ਤ 'ਤੇ ਬੈਠਾ ਵੀ ਰਾਜਾ ਕੰਬਦਾ ਸੀ
ਪੇਸ਼ ਹੋਇਆ ਬਾਗ਼ੀ ਜਦ ਦਰਬਾਰ ਸਾਵੇਂ

ਅੱਗ ਇਹ ਮੈਨੂੰ ਕਦੋਂ ਦੀ ਸਾੜ ਦਿੰਦੀ
ਪਰ ਨਦੀ ਆ ਜਾਂਦੀ ਹੈ ਹਰ ਵਾਰ ਸਾਵੇਂ

□

ਬਚ ਗਈ ਜਾਨ ਲੈ ਅੱਜ ਫਿਰ ਸਰ ਗਿਆ
ਮੇਰੀ ਥਾਂ ਮੇਰੇ ਅੰਦਰ ਕਵੀ ਮਰ ਗਿਆ

ਰਹਿ ਗਿਆ ਕਿੱਥੇ ਕੋਈ ਨਹੀਂ ਜਾਣਦਾ
ਕਾਫ਼ਲੇ ਵਿੱਚ ਹੈ ਤੇ ਨ ਉਹ ਘਰ ਗਿਆ

ਇਸ ਤਰਾਂ ਕਿੰਝ ਹੋਇਆ ਮੈਂ ਹੈਰਾਨ ਹਾਂ
ਆਪਣੇ ਸਾਏ ਤੋਂ ਮੈਂ ਕਿਵੇਂ ਡਰ ਗਿਆ

ਚੀਸ ਹੈ ਅੱਜ ਵੀ ਮੈਨੂੰ ਪਹਿਲਾਂ ਜਿਹੀ
ਜ਼ਖ਼ਮ ਭਾਵੇਂ ਮੇਰੀ ਹਿੱਕ ਦਾ ਭਰ ਗਿਆ

ਕੀ ਬਣੇਗਾ ਖ਼ਰੇ ਫਿਰ ਸ਼ਿਕਾਰੀ ਦਾ ਜੇ
ਇਹ ਪਰਿੰਦਾ ਜ਼ਰਾ ਹੌਸਲਾ ਕਰ ਗਿਆ

ਗੁਜ਼ਰਿਆ ਜੰਗਲਾਂ 'ਚੋਂ ਉਹ ਬੇਖ਼ੌਫ਼ ਹੋ
ਰਾਹੀ ਜਦ ਪੁੱਜਿਆ ਸ਼ਹਿਰ ਤਾਂ ਡਰ ਗਿਆ



□

ਖ਼ਿਆਲਾਂ ਨੂੰ ਤੂੰ ਏਦਾਂ ਕੈਦ ਨਾ ਕਰਿਆ ਕਰ
ਪੁਸਤਕ ਨੂੰ ਅਲਮਾਰੀ ਵਿਚ ਨਾ ਧਰਿਆ ਕਰ

ਮਨ ਆਖੇ ਮੈਨੂੰ ਭੋਰਾ ਨਾ ਜਰਿਆ ਕਰ
ਅੱਗ ਕਹੇ ਮੈਨੂੰ ਮੇਰੇ ਤੋਂ ਡਰਿਆ ਕਰ

ਜੇਕਰ ਕੋਰਾ ਸੱਚ ਨਹੀਂ ਲਿਖਿਆ ਜਾਂਦਾ
ਫਿਰ ਐਵੇਂ ਨਾ ਕੋਰੇ ਪੰਨੇ ਭਰਿਆ ਕਰ

ਜਦ ਸਭ ਸੜ ਜਾਵੇ ਤਾਂ ਰੌਲਾ ਪਾਉਂਨਾ ਏਂ
ਅੱਗ ਬੁਝਾਉਣ ਲਈ ਵੀ ਤੂੰ ਕੁਝ ਕਰਿਆ ਕਰ

ਅਪਣੇ ਸਿਰ ਵੀ ਦੋਸ਼ ਲਿਆ ਕਰ ਤੂੰ ਕੋਈ
ਹਰ ਵਾਰੀ ਨਾ ਨਾਮ ਹਵਾ ਦਾ ਧਰਿਆ ਕਰ

ਦਿੱਲੀ ਤੀਕਰ ਰਾਹ ਵਿਚ ਭਾਵੇਂ ਨੂਰ ਨਹੀਂ
ਤੁਰਿਆ ਚਲ ਪਰ ਦਿੱਲੀ ਬਹੁਤੀ ਦੂਰ ਨਹੀਂ

ਤੇਰੇ ਮਨ ਵਿਚ ਕਿਧਰੇ ਕਾਲਖ਼ ਹੋਵੇਗੀ
ਤੇਰੇ ਸ਼ਬਦਾਂ ਵਿਚ ਜੋ ਸਾਲਮ ਨੂਰ ਨਹੀਂ

ਮੇਰੀ ਗਰਦਨ ’ਤੇ ਆਰਾ ਵੀ ਰੱਖੇ ਉਹ
ਮੇਰਾ ਹੌਕਾ ਵੀ ਉਸਨੂੰ ਮਨਜ਼ੂਰ ਨਹੀਂ

ਰਾਗ਼ੀ ਹਾਂ ਤੇ ਮੂੰਹੋਂ ਬਾਗ਼ੀ ਨਿਕਲ ਗਿਆ
ਇਸਦੇ ਵਿਚ ਤਾਂ ਮੇਰਾ ਕੋਈ ਕਸੂਰ ਨਹੀਂ

ਜਿਹੜੀ ਮਨ ਦੇ ਵਿਚ ਆਈ ਉਹ ਆਖਾਂਗਾ
ਮੈਂ ਤੇਰੀ ਹਰ ਸ਼ਰਤ ਲਈ ਮਜ਼ਬੂਰ ਨਹੀਂ



ਉਹ ਕਹੇਂਗਾ ਜੋ ਤੇਰੇ ਲਈ ਠੀਕ ਹੈ
ਚੀਕ ਨੂੰ ਕਿਉਂ ਕਹੇਂਗਾ ਭਲਾ! ਚੀਕ ਹੈ

ਦਰਦ ਇਹ ਸਿਰਫ਼ ਮੇਰੀ ਗ਼ਜ਼ਲ ਵਿਚ ਨਹੀਂ
ਦਰਦ ਇਹ ਮੇਰੇ ਸੀਨੇ ’ਚ ਧੁਰ ਤੀਕ ਹੈ

ਦੇਣਗੇ, ਜੁਆਬ ਜਦ ਸਾਜ਼ ਤਲਵਾਰ ਨੂੰ
ਓਸ ਵੇਲੇ ਦੀ ਮੈਨੂੰ ਅਜੇ ’ਡੀਕ ਹੈ

ਲੋਕ ਘਰ ਦਾ ਪਤਾ ਦਸਦਿਆਂ ਕੰਬਦੇ
ਕਹਿਣ ਨੂੰ ਇਸ ਨਗਰ ਵਿੱਚ ਸਭ ਠੀਕ ਹੈ

ਸੱਤ ਜਨਮਾਂ ਲਈ ਆਪਣਾ ਸਾਥ ਜੇ
ਫੇਰ ਦੋਹਾਂ ਵਿਚਾਲੇ ਕਿਹੀ ਲੀਕ ਹੈ

ਕੀ ਹਾਂ ਤੇ ਮੇਰੀ ਕੀ ਬਣ ਗਈ ਹੈ ਛਬੀ
ਮੈਂ ਹਾਂ ਕਾਇਰ ਅਤੇ ਲੋਕ ਆਖਣ ਕਵੀ

ਕੀ ਪਤਾ ਤੇਰੇ ਅੰਦਰ ਕੀ ਹੈ ਐ ਨਦੀ!
ਜੇ ਕੋਈ ਦੁੱਖ ਹੈ ਉਛਲਿਆ ਕਰ ਕਦੀ

ਸੋਚਦਾਂ ਹਾਏ! ਇਹ ਮੈਨੂੰ ਕੀ ਹੋ ਗਿਆ
ਆਪਣੇ ਘਰ ਦੇ ਜੀਅ ਜਾਪਦੇ ਅਜ਼ਨਬੀ

ਧਰਤ ਦੀ ਹਿੱਕ ’ਤੇ ਜੋ ਨਦੀ ਲਿਖ ਗਈ
ਪੜ੍ਹਨਗੇ ਏਸਨੂੰ ਕੀ ਪਤਾ ਕਦ ਕਵੀ

ਦੋਸਤੋ! ਸ਼ਹਿਰ ਵਿਚ ਵੋਟ ਤਾਂ ਬਹੁਤ ਹੈ
ਸ਼ਹਿਰ ਵਿਚ ਹੈ ਨਹੀਂ ਇੱਕ ਵੀ ਆਦਮੀ



ਵਕਤ ਕਟਦਾ ਨਹੀਂ ਦੋਸਤੋ! ਸ਼ਹਿਰ ਵਿਚ
ਮਾਰਨੀ ਪੈਂਦੀ ਹੈ ਚੀਕ ਵੀ ਬਹਿਰ ਵਿਚ

ਜੀ ਰਿਹਾਂ ਸਿਰਫ਼ ਹੁਣ ਤੀਕ ਮੈਂ ਇਸ ਲਈ
ਡੁੱਬਿਆ ਨਾ ਗਿਆ ਮੇਰੇ ਤੋਂ ਨਹਿਰ ਵਿਚ

ਸ਼ਾਇਰਾਂ ਦੀਆਂ ਨਜ਼ਮਾਂ ਜਿਹਾ ਕੁਝ ਨਹੀਂ
ਡੁਬ ਗਿਆਂ ਦੀ ਤੜਪ ਹੈ ਇਦ੍ਹੀ ਲਹਿਰ ਵਿਚ

ਕਿਸ ਜਗ੍ਹਾ ਜਾਣਗੇ ਹੁਣ, ਇਹੀ ਸੋਚਦਾਂ
ਪਿੰਡ ਤੋਂ ਆ ਕੇ ਜੋ ਵਸ ਗਏ ਸ਼ਹਿਰ ਵਿਚ

ਲੋਕ ਹੁਣ ਰਾਹ ਨਵਾਂ ਲੱਭਦੇ ਮਰਨ ਦਾ
ਹੈ ਮਿਲਾਵਟ ਇੰਨੀ ਅੱਜਕਲ੍ਹ ਜ਼ਹਿਰ ਵਿਚ

ਮੈਂ ਇਹੀ ਸੋਚਾਂ ਹਮੇਸ਼ਾ ਇਉਂ ਕਦੋਂ ਤੀਕਰ ਸਰੇਗਾ
ਬਚ ਗਿਆ ਜੇਕਰ ਮੈਂ ਕੋਈ ਹੋਰ ਮੇਰੀ ਥਾਂ ਮਰੇਗਾ

ਜੋਰ ਦੇ ਵਿਚ ਹੈ ਸਿਪਾਹੀ ਤੇ ਕਵੀ ਹੈ ਲੋਰ ਦੇ ਵਿਚ
ਕੌਣ ਜਿੱਤੇਗਾ ਲੜਾਈ ਕੌਣ ਦੋਹਾਂ ’ਚੋਂ ਹਰੇਗਾ

ਭਰ ਲਿਆ ਸੋਚੇ ਬਿਨਾ ਹੌਕਾ ਭਰੇ ਦਰਬਾਰ ਦੇ ਵਿਚ
ਦੇਖ ਲੈਣਾ ਆਦਮੀ ਇਹ ਅੰਤ ਹਰਜਾਨਾ ਭਰੇਗਾ

ਜਾਣਦਾ ਹਾਂ ਏਸਨੂੰ ਮੈਨੂੰ ਪਤਾ ਹੈ ਸੰਤਰੀ ਦਾ
ਦੋਸ਼ ਮੇਰਾ ਹੈ ਨਹੀਂ ਪਰ ਫਿਰ ਵੀ ਮੇਰਾ ਨਾਂ ਧਰੇਗਾ

ਤਖ਼ਤ ਤੇਰਾ ਡੋਲਣਾ ਹੈ ਇਹਨਾਂ ਇਕ ਦਿਨ ਬੋਲਣਾ ਹੈ
ਦਰਦ ਨੂੰ ਚੁਪ ਚਾਪ ਇਉਂ ਕੋਈ ਕਦੋਂ ਤੀਕਰ ਜਰੇਗਾ

ਫਸ ਗਿਆ ਹੈ ਜਾਲ਼ ਦੇ ਵਿਚ ਹੈ ਨਹੀਂ ਹੁਣ ਆਸ ਕੋਈ
ਦੇਖਦੇ ਹਾਂ ਅੰਤ ਨੂੰ ਪੰਛੀ ਵਿਚਾਰਾ ਕੀ ਕਰੇਗਾ



ਪੰਛੀਓ! ਰੱਖਣਾ ਯਾਦ ਖ਼ੁਦ ਥਹੁ ਪਤਾ
ਰੁਖ਼ ਬਦਲ ਜਾਂਦੀ ਹੈ ਇੱਕ ਪਲ ਵਿਚ ਹਵਾ

ਏਸਨੂੰ ਮੇਰੇ ਸੀਨੇ ’ਚ ਹੀ ਰਹਿਣ ਦੇ
ਵਰਕਿਆਂ ’ਤੇ ਨਹੀਂ ਆਉਣੀ ਮੇਰੀ ਕਥਾ

ਫੇਰ ਰੱਦੀ ’ਚ ਪੁਸਤਕ ਨ ਵਿਕਦੀ ਉਦ੍ਹੀ
ਜੇ ਲਹੂ ਨਾਲ ਲਿਖਦਾ ਉਹ ਕੋਈ ਸਫ਼ਾ

ਸੱਚ ਨੀਂ ਮੰਨਦਾ ਕੋਈ ਮੈਂ ਜਾਣਦਾਂ
ਡੁਬ ਗਏ ਸੈਂਕੜੇ ਸੂਰਜਾਂ ਦਾ ਪਤਾ

ਤੋੜਨੀ ਪੈਣੀ ਹੈ ਡੁੱਬਿਆਂ ਬਾਰੇ ਚੁਪ
ਚੜ ਗਈ ਇਹ ਨਦੀ ਜੇ ਕਦੇ ਹੋ ਖ਼ਫ਼ਾ

ਧੌਣ ਮੇਰੀ ’ਤੇ ਤਿਰੀ ਤਲਵਾਰ ਹੋਵੇ
ਉਸ ਤਰ੍ਹਾਂ ਕਰ ਜਿਸ ਤਰ੍ਹਾਂ ਇਤਬਾਰ ਹੋਵੇ

ਜੀਣ ਖਾਤਰ ਖ਼ਾਬ ਹੋਵੇ ਖ਼ੂਬਸੂਰਤ
ਹੱਥ ਵਿਚ ਭਾਵੇਂ ਮਿਰੇ ਅੰਗਿਆਰ ਹੋਵੇ

ਮੈਂ ਖ਼ਫ਼ਾ ਹਾਂ ਦੱਸਣਾ ਹਰ ਹਾਲ ਦੇ ਵਿਚ
ਇਸ ’ਚ ਮੇਰੀ ਜਿੱਤ ਹੋਵੇ ਹਾਰ ਹੋਵੇ

ਮੈਂ ਸ਼ਿਕਾਰੀ ਦੀ ਸ਼ਕਲ ਨੂੰ ਦੇਖਣਾ ਹੈ
ਤੀਰ ਭਾਵੇਂ ਹਿੱਕ ਦੇ ਉਸ ਪਾਰ ਹੋਵੇ

ਪੱਥਰਾਂ ਦਾ ਸ਼ਹਿਰ ਮੈਂ ਕਿਉਂ ਆਖਣਾ ਸੀ
ਸ਼ਹਿਰ ਨੂੰ ਜੇ ਬੰਦਿਆਂ ਦੀ ਸਾਰ ਹੋਵੇ

ਮਨ ’ਚ ਯੋਗੀ ਦੇ ਕਦੇ ਆਉਂਦਾ ਤਾਂ ਹੋਣੈ
ਬਾਲ ਬੱਚੇ ਹੋਣ ਤੇ ਘਰ ਬਾਰ ਹੋਵੇ

ਖ਼ੁਦਕੁਸ਼ੀ ਕਰ ਲੈਣ ਬਸ! ਚੁਪ ਚਾਪ ਲੋਕੀਂ
ਕੋਈ ਲੜ ਕੇ ਮਰਨ ਨੂੰ ਨਾ ਤਿਆਰ ਹੋਵੇ

ਹੋਣ ਨੀਂ ਦੇਣਾ ਅਸੀਂ ਉਹ ਸੋਚਦੇ ਨੇ
ਚੌਂਕ ਵਾਲੀ ਥਾਂ ’ਤੇ ਜੇ ਦੀਵਾਰ ਹੋਵੇ



ਫੇਰ ਜ਼ਖ਼ਮੀ ਪੰਛੀਆਂ ਦੀ ਡਾਰ ਆਈ
ਖ਼ਾਬ ਦੇ ਵਿਚ ਰਾਤ ਵੀ ਤਲਵਾਰ ਆਈ

ਰੁੱਖ ਵਿਹੜੇ ਦਾ ਖ਼ਰੇ ਕਿਉਂ ਡਰ ਗਿਆ ਸੀ
ਮੇਰੀ ਦੇਲ੍ਹੀ ’ਤੇ ਜਦੋਂ ਅਖ਼ਬਾਰ ਆਈ

ਮੇਰੇ ਕਿੱਸੇ ਵਿਚ ਕਿਤੇ ਵੀ ਹਾਰ ਹੈ ਨੀਂ
ਮੇਰੇ ਹਿੱਸੇ ਵਿਚ ਹਮੇਸ਼ਾ ਹਾਰ ਆਈ

ਥਹੁ ਪਤਾ ਜੰਗਲ ਦਾ ਮਿਲ ਜਾਵੇ ਕਿਤੇ ਜੇ
ਅੱਗ ਮੇਰੇ ਕੋਲ ਕਿੰਨੀ ਵਾਰ ਆਈ

ਮਾਰ ਦੇਣਾ ਸੀ ਮੈਂ ਖ਼ੁਦ ਨੂੰ ਬਹੁਤ ਪਹਿਲਾਂ
ਬਚ ਗਿਆ ਕਵਿਤਾ ਜਦੋਂ ਵਿਚਕਾਰ ਆਈ

ਮੇਰੇ ਅੰਦਰ ਜੋ ਕਵੀ ਹੈ ਓਸ ਤੋਂ ਕੁਝ ਜਰ ਨ ਹੋਵੇ
ਇੱਕ ਮੈਂ ਹਾਂ ਦੋਸਤੋ! ਮੇਰੇ ਤੋਂ ਹੌਕਾ ਭਰ ਨ ਹੋਵੇ

ਸੇਕ ਤਕ ਨਾ ਆਏ ਮੈਨੂੰ ਮੈਂ ਲੜਾਈ ਫਿਰ ਲੜਾਂਗਾ
ਦੱਸ! ਹੈ ਐਸੀ ਲੜਾਈ ਜਿਸ 'ਚ ਕੋਈ ਡਰ ਨ ਹੋਵੇ

ਕੀ ਪਤਾ ਕਿਉਂ ਏਸ ਘਰ ਦੇ ਵਿਚ ਚਿਰਾਂ ਤੋਂ ਵਸਦਿਆਂ ਵੀ
ਰੋਜ਼ ਏਦਾਂ ਜਾਪਦਾ ਹੈ ਜਿਉਂ ਇਹ ਮੇਰਾ ਘਰ ਨ ਹੋਵੇ

ਸੱਚ ਪੁੱਛੇਂ ਬਾਦਸ਼ਾਹ ਤੇਰੀ ਇਨ੍ਹਾਂ ਗੱਲਾਂ ਦੇ ਉੱਤੇ
ਹੱਸ ਪੈਣਾ ਸੀ ਕਦੋਂ ਦਾ ਮੌਤ ਦਾ ਜੇ ਡਰ ਨ ਹੋਵੇ

ਦੂਸਰਾ ਕੋਈ ਨਹੀਂ ਮੇਰੇ ਤੋਂ ਵੱਡਾ ਚੋਰ ਏਥੇ
ਪਰ ਮਿਰੇ ਤੋਂ ਆਪ ਯਾਰੋ! ਆਪਣਾ ਨਾਂ ਧਰ ਨ ਹੋਵੇ



ਲਓ ਦੇਖੋ! ਮਿਰੇ ਗੀਤਾਂ ਦੇ ਉੱਤੇ ਦਾਮ ਲਗਦਾ ਹੈ
ਅਤੇ ਮੇਰੇ 'ਤੇ ਕੋਈ ਨਿਤ ਨਵਾਂ ਇਲਜ਼ਾਮ ਲਗਦਾ ਹੈ

ਤੂੰ ਜਿਸਨੂੰ ਭੀੜ ਆਖੇਂ ਭੀੜ ਇਹ ਲਗਦੀ ਨਹੀਂ ਮੈਨੂੰ
ਤੂੰ ਜਿਸਨੂੰ ਸ਼ੋਰ ਆਖੇਂ ਮੈਨੂੰ ਇਹ ਪੈਗ਼ਾਮ ਲਗਦਾ ਹੈ

ਰਤਾ ਵੀ ਹੈ ਨਹੀਂ ਦੋਹਾਂ ਭਰਾਵਾਂ ਵਿਚ ਕੋਈ ਅੰਤਰ
ਤੂੰ ਅੱਲਾ ਆਖਦੈਂ ਜਿਸਨੂੰ ਉਹ ਮੈਨੂੰ ਰਾਮ ਲਗਦਾ ਹੈ

ਇਹੀ ਤਾਂ ਫ਼ਰਕ ਹੈ ਤੇਰੇ ਅਤੇ ਮੇਰੇ ਸੁਭਾ ਦੇ ਵਿਚ
ਕਿ ਤੈਨੂੰ ਖੇਡ ਜਾਪੇ ਮੈਨੂੰ ਕਤਲੇਆਮ ਲਗਦਾ ਹੈ

ਖ਼ੁਰੇ ਕੀ ਗੁੰਮ ਗਿਆ ਇਸਦਾ ਖ਼ੁਰੇ ਕੀ ਲੱਭਦਾ ਹੈ ਇਹ
ਜਦੋਂ ਵੀ ਦੇਖਦਾਂ ਇਸਨੂੰ ਕਿ ਬੇਆਰਾਮ ਲਗਦਾ ਹੈ

ਅੰਬਰੋਂ ਵੱਡਾ ਵੀ ਭਾਵੇਂ ਜਾਲ਼ ਹੁੰਦਾ
ਉਡਣ ਦਾ ਪੰਛੀ ਨੂੰ ਜੇਕਰ ਖ਼ਿਆਲ ਹੁੰਦਾ

ਦੋਸਤੋ! ਫਿਰ ਗੀਤ ਦੇ ਵਿਚ ਢਾਲਦਾ ਮੈਂ
ਦਰਦ ਜੇਕਰ ਗੀਤ ਵਿਚ ਇਹ ਢਾਲ ਹੁੰਦਾ

ਸੋਚ ਕੇ ਤੁਰਦੇ ਤਾਂ ਆਪਾਂ ਭਟਕਦੇ ਨਾ
ਸੋਚ ਕੇ ਲੜਦੇ ਤਾਂ ਇਹ ਨਾ ਹਾਲ ਹੁੰਦਾ

ਲੱਭ ਜਾਵੇ ਆਪਣਾ ਆਪਾ ਹੀ ਮੈਨੂੰ
ਹੋਰ ਕੁਝ ਮੈਥੋਂ ਨਹੀਂ ਬਸ! ਭਾਲ਼ ਹੁੰਦਾ

ਮੈਂ ਕਵੀ ਹਾਂ ਸੌਂਪਦੇ ਚੁਪ ਚਾਪ ਮੈਨੂੰ
ਦਰਦ ਜੇ ਤੈਥੋਂ ਨਹੀਂ ਸੰਭਾਲ ਹੁੰਦਾ

ਬੱਚਿਆਂ ਦਾ ਦੇਖ ਕੇ ਮਿੱਟੀ ਦਾ ਘਰ ਮੈਂ
ਸੋਚਦਾ ਹਾਂ ਕਾਸ਼! ਹੁਣ ਵੀ ਬਾਲ ਹੁੰਦਾ

ਫੁੱਲ ਨੀਂ ਹੋਣਾ ਸੀ ਇਹ ਮੈਨੂੰ ਪਤਾ ਹੈ
ਅੱਗ ਹੁੰਦੀ ਉਹ ਮੈਂ ਜੇਕਰ ਡਾਲ਼ ਹੁੰਦਾ



ਫੜ ਲਿਆ ਹੈ ਹੋਰ ਬੰਦਾ ਹੋਰ ਅੰਦਰ
ਆਦਮੀ ਹੈ ਸਾਫ਼ ਬਿਲਕੁਲ ਚੋਰ ਅੰਦਰ

ਗੁੰਮ ਗਈ ਪਹਿਚਾਣ ਮੇਰੀ ਭੀੜ ਦੇ ਵਿਚ
ਗੁੰਮ ਗਈ ਆਵਾਜ਼ ਮੇਰੀ ਸ਼ੋਰ ਅੰਦਰ

ਲੜਨ ਦੀ ਤਾਕਤ ਨਹੀਂ ਤਾਂ ਫੇਰ ਕੀ ਹੈ
ਲੜਨ ਦੀ ਖ਼ਾਹਿਸ਼ ਤਾਂ ਹੈ ਕਮਜ਼ੋਰ ਅੰਦਰ

ਤਲਬ ਸੀ ਮੈਨੂੰ, ਦਿਸੀ ਉਹ ਵੀ ਤਿਹਾਈ
ਦੇਖਿਆ ਨਾ ਮੈਂ ਕਦੇ ਕੁਝ ਹੋਰ ਅੰਦਰ

ਹੋ ਗਿਆ ਬੇਵਸ ਗ਼ਜ਼ਲ ਦੇ ਸਾਮ੍ਹਣੇ ਉਹ
ਸੱਚ ਕਹਿ ਦਿੱਤਾ ਕਵੀ ਨੇ ਲੋਰ ਅੰਦਰ

ਦਿਨੇ ਦਸ ਕੀ ਕੀ ਤੂੰ ਕੀਤਾ ਕਿ ਇਕ ਇਕ ਬਾਤ ਪੁਛਦੀ ਹੈ
ਕਿਵੇਂ ਦੱਸਾਂ ਮੈਂ ਤੈਨੂੰ ਕੀ ਮੇਰੇ ਤੋਂ ਰਾਤ ਪੁਛਦੀ ਹੈ

ਸਹੀ ਦੱਸੀਂ ਕਿ ਰਾਤੀ ਦੇਖਿਆ ਹੈ ਖ਼ਾਬ ਦੇ ਵਿਚ ਕੀ
ਮਿਰੇ ਤੋਂ ਉਠਦਿਆਂ ਹੀ ਰੋਜ਼ ਇਹ ਪਰਭਾਤ ਪੁਛਦੀ ਹੈ

ਉਦੋਂ ਹੀ ਯਾਦ ਆਉਂਦਾ ਹੈ ਕਿ ਮੈਂ ਵੀ ਹਾਂ ਨਗਰਵਾਸੀ
ਹਵਾ ਮੈਥੋਂ ਨਗਰ ਮੇਰੇ ਦੇ ਜਦ ਹਾਲਾਤ ਪੁਛਦੀ ਹੈ

ਨਦੀ ਬਾਰੇ ਹੀ ਪੁਛਦਾ ਹੈ ਜੋ ਹਰ ਇਕ ਰਾਹੀ ਦੇ ਕੋਲੋਂ
ਨਦੀ ਤੈਨੂੰ ਕਦੇ ਉਸਦੀ ਵੀ ਕੋਈ ਬਾਤ ਪੁਛਦੀ ਹੈ

ਜੇ ਜੰਗਲ ਹਾਂ ਤਾਂ ਫਿਰ ਇਹ ਵੀ ਨਹੀਂ ਚੁਪ ਹੀ ਰਹਾਂਗਾ ਮੈਂ
ਕੀ ਹੈ ਔਕਾਤ ਅੱਗ ਦੀ ਜੋ ਮੇਰੀ ਔਕਾਤ ਪੁਛਦੀ ਹੈ



ਫਿਰ ਤੈਨੂੰ ਅਪਣੇ ਹੀ ਦਿਲ ਦੀ ਸਾਰ ਨਹੀਂ
ਜੇਕਰ ਤੇਰੇ ਦਿਲ ’ਤੇ ਕੋਈ ਭਾਰ ਨਹੀਂ

ਮੰਜ਼ਿਲ ਤਕ ਭਾਵੇਂ ਤੈਥੋਂ ਪੁੱਜਿਆ ਨਾ ਗਿਆ
ਐ ਰਾਹੀ! ਪਰ ਫਿਰ ਵੀ ਤੇਰੀ ਹਾਰ ਨਹੀਂ

ਅੱਗ ਨੂੰ ਏਦਾਂ ਹਰ ਥਾਵੇਂ ਨਾ ਘੇਰਿਆ ਕਰ
ਤੇਰੇ ਹੱਥ ’ਚ ਬੰਸੀ ਹੈ ਤਲਵਾਰ ਨਹੀਂ

ਪੌਣ ਨਹੀਂ ਲੱਗੇਗੀ ਇਉਂ ਤੇਰੇ ਆਖੇ
ਇਹ ਜੰਗਲ ਹੈ ਐ ਰਾਜਾ! ਦਰਬਾਰ ਨਹੀਂ

ਚੋਰਾਂ ਤੋਂ ਵਧ ਡਰਦਾਂ ਇਹਨਾਂ ਕੋਲੋਂ ਮੈਂ
ਪਹਿਰੇਦਾਰਾਂ ’ਤੇ ਮੈਨੂੰ ਇਤਬਾਰ ਨਹੀਂ

ਇਸਦੇ ਕੋਲ ਫ਼ੌਜ ਹੈ ਤੇ ਮੈਂ ਕੱਲਾ ਹਾਂ
ਉਂਝ ਇਹ ਰਾਜਾ ਮੇਰੇ ਤੋਂ ਹੁਸ਼ਿਆਰ ਨਹੀਂ

□

ਜੰਗਲ ਡਰਿਆ ਜਿਹਾ ਦਿਖਾਈ ਦਿੰਦਾ ਹੈ
ਪੰਛੀ ਕੋਈ ਦੂਰ ਦੁਹਾਈ ਦਿੰਦਾ ਹੈ

ਕਿਸ ਵੇਲੇ ਦਾ ਮਰ ਚੁੱਕਿਆ ਹੈ ਸਾਲਮ ਤਾਂ
ਹੁਣ ਇਹ ਕੈਸਾ ਸ਼ੋਰ ਸੁਣਾਈ ਦਿੰਦਾ ਹੈ

ਭਾਵੇਂ ਮੰਜ਼ਿਲ ਅਜੇ ਦਿਖਾਈ ਨੀਂ ਦਿੰਦੀ
ਪਰ ਰਸਤਾ ਹੁਣ ਸਾਫ਼ ਦਿਖਾਈ ਦਿੰਦਾ ਹੈ

ਬਸ! ਇਕ ਭਰਮ ਜਿਹਾ ਸਭ ਨੂੰ ਆਜ਼ਾਦੀ ਦਾ
ਕੋਈ ਸ਼ਿਕਾਰੀ ਕਦੋਂ ਰਿਹਾਈ ਦਿੰਦਾ ਹੈ

ਹੌਕਾ ਭਰਦਾ ਹੈ ਜੇ ਕੋਈ ਸੁਪਨੇ ਵਿਚ
ਤੜਕੇ ਉੱਠਣ ਸਾਰ ਸਫ਼ਾਈ ਦਿੰਦਾ ਹੈ



□

ਬਚ ਗਿਆ ਜੇ ਇਹ ਤੂਫ਼ਾਨ ਤੋਂ ਫੇਰ ਕੀ
ਫਿਰ ਰਿਹੈ, ਹਰ ਕੋਈ ਏਸਦੀ ਭਾਲ਼ ਵਿਚ
ਦੇਖ ਲੈਣਾ ਇਹੀ ਏਸਦੀ ਹੋਣੀ ਹੈ
ਪੰਛੀ ਫਸ ਜਾਏਗਾ ਅੰਤ ਨੂੰ ਜਾਲ਼ ਵਿਚ

ਕੀ ਕਰੀਏ ਅਸੀਂ ਤਾਂ ਪਰਿੰਦੇ ਹੋਏ
ਕਰਮ ਤੇ ਧਰਮ ਸਾਡੇ ਲਈ ਸਭ ਇਹੀ
ਜਾਨ ਤੋਂ ਵੀ ਚਲੇ ਜਾਈਏ ਉਡਦਿਆਂ
ਉੱਡਣਾ ਪੈਂਦਾ ਹੈ ਸਾਨੂੰ ਹਰ ਹਾਲ ਵਿਚ

ਠੀਕ ਹੈ, ਸ਼ਾਇਰੀ ਹੈ ਤੇਰੀ ਬਹਿਰ ਵਿਚ
ਜ਼ਿਕਰ ਹੈ ਹੌਕਿਆਂ ਦਾ ਵੀ ਸ਼ਿਅਰਾਂ 'ਚ ਪਰ
ਜੋ ਤੜਪ ਸੀਨਿਆਂ ਵਿੱਚ ਹੈ ਸਾਲਮਾ!
ਉਹ ਤੜਪ ਹੈ ਨਹੀਂ ਤੇਰੇ ਹਰ ਖ਼ਿਆਲ ਵਿਚ

ਕੁੱਝ ਹੋਵੇ ਨਤੀਜਾ ਰਤਾ ਡਰ ਨਹੀਂ
ਆਪਣਾ ਆਪ ਹਰ ਹਾਲ ਵਿਚ ਪਰਖ਼ਣਾ
ਦੇਖਣੀ ਇੱਕ ਵਾਰੀ ਸੀਨੇ ਨਾਲ ਲਾ
ਫਿਰ ਰਿਹਾਂ ਕਦ ਤੋਂ ਮੈਂ ਅੱਗ ਦੀ ਭਾਲ਼ ਵਿਚ

□

ਸੁਣੋ! ਰਾਜਾ ਕਿਹਾ ਫ਼ੁਰਮਾਨ ਦਿੰਦਾ ਹੈ
ਚਲੋ! ਘੋਰੋ ਹਵਾ ਨੂੰ ਬਿਆਨ ਦਿੰਦਾ ਹੈ

ਹਮੇਸ਼ਾ ਅਪਣੀ ਆਈ ਖ਼ੁਦ ਪਏ ਮਰਨਾ
ਕਿਸੇ ਖਾਤਰ ਕੋਈ ਕਦ ਜਾਨ ਦਿੰਦਾ ਹੈ

ਜਿਨ੍ਹਾਂ ਡੁਬਣੈ, ਪਲਾਂ ਵਿਚ ਡੁੱਬ ਜਾਂਦੇ ਨੇ
ਨਦੀ ਨੂੰ 'ਵਾਜ਼ ਤਾਂ ਨਾਦਾਨ ਦਿੰਦਾ ਹੈ

ਦਏਗੀ ਕੰਮ ਕਿਧਰੇ ਰੱਖ ਲੈ ਇਹਨੂੰ
ਸਜ਼ਿੰਦੇ ਨੂੰ ਸਿਪਾਹੀ ਮਿਆਨ ਦਿੰਦਾ ਹੈ

ਕਿਤੇ ਜੇ ਮਨ 'ਚ ਆ ਜਾਏ ਤਾਂ ਇਹ ਰਾਜਾ
ਕਵੀ ਨੂੰ ਚੋਰ ਵੀ ਗਰਦਾਨ ਦਿੰਦਾ ਹੈ



□

ਧੌਣ ਤੇਰੀ 'ਤੇ ਜੇ ਇਉਂ ਕਿਰਪਾਨ ਹੋਵੇ
ਮੇਰੇ ਦੁਖ ਦਾ ਫੇਰ ਤੈਨੂੰ ਗਿਆਨ ਹੋਵੇ

ਹਿੱਕ ਅੰਦਰ ਤਪਸ਼ ਹੈ ਏਨੀ ਕੀ ਦੱਸਾਂ
ਅੱਗ ਦੇਖੇ ਤਾਂ ਉਹ ਵੀ ਹੈਰਾਨ ਹੋਵੇ

ਇਸ ਨਗਰ ਦੇ ਵਿਚ ਕਲਾਕਾਰੀ ਇਹੀ ਹੈ
ਸਾਜ਼ ਖੱਬੇ ਹੱਥ, ਸੱਜੇ ਮਿਆਨ ਹੋਵੇ

ਉਮਰ ਭਰ ਰੁਕਦੀ ਨਹੀਂ ਇਹ ਰੋਕ ਨਾ ਤੂੰ
ਕੁਝ ਪਲਾਂ ਦੀ ਪੌਣ ਤਾਂ ਮਹਿਮਾਨ ਹੋਵੇ

ਮੌਤ ਵੀ ਯਾਰੋ! ਮੈਨੂੰ ਪਰਵਾਨ ਹੈ ਪਰ
ਸ਼ਰਤ ਮੇਰੀ ਵੀ ਕੋਈ ਪਰਵਾਨ ਹੋਵੇ

ਫੁੱਲ ਤੋੜੇ ਪੱਥਰਾਂ ਨੂੰ ਚਾੜ ਦੇਵੇ
ਦਿਲ ਨ ਕੋਈ ਵੀ ਇੰਨਾ ਵੀਰਾਨ ਹੋਵੇ

ਤੈਨੂੰ ਵੀ ਇਸਦਾ ਪਤਾ ਹੈ ਮੈਨੂੰ ਵੀ ਅਹਿਸਾਸ ਹੈ
ਕੁਝ ਕੁ ਭਟਕਣ ਹੈ ਤਿਰੀ ਤੇ ਕੁਝ ਕੁ ਮੇਰੀ ਪਿਆਸ ਹੈ

ਬਹੁਤ ਡਰ ਲਗਦਾ ਹੈ ਇਕਦਮ ਮਰਨ ਵਾਲੇ ਖ਼ਿਆਲ ਤੋਂ
ਰੋਜ਼ ਘੁਟ ਘੁਟ ਮਰਨ ਦਾ ਚਿਰ ਤੋਂ ਮਿਰਾ ਅਭਿਆਸ ਹੈ

ਰਹਿ ਗਿਆ ਲਿਖਣੋਂ ਤੇ ਪੜ੍ਹਿਆ ਨਾ ਗਿਆ ਜਿਹੜਾ ਕਿਤੇ
ਦੋਸਤੋ! ਇਸ ਚੀਕ ਪਿੱਛੇ ਚੁੱਪ ਦਾ ਇਤਿਹਾਸ ਹੈ

’ਨੇਰ ਆਉਂਦਾ ਹੈ ਨਜ਼ਰ ਮੈਨੂੰ ਚੁਫ਼ੇਰੇ ਆਪਣੇ
ਸ਼ੁਕਰ ਹੈ ਤੈਨੂੰ ਅਜੇ ਦਿਨ ਚੜਨ ਦੀ ਤਾਂ ਆਸ ਹੈ

ਦੇਖ ਮੈਂ ਫਿਰ ਵੀ ਬਚਾ ਸਕਦਾ ਨੀਂ ਅਪਣੇ ਆਪ ਨੂੰ
ਮਰ ਰਿਹਾਂ, ਇਸ ਗੱਲ ਦਾ ਚੰਗੀ ਤਰ੍ਹਾਂ ਅਹਿਸਾਸ ਹੈ



ਦਬਾਈਆਂ ਅਵਾਜ਼ਾਂ ਨਾਲ ਹੀ ਸੰਵਾਦ ਕਰਦਾ ਹਾਂ
ਜਦੋਂ ਵੀ ਦੋਸਤੋ! ਮੈਂ ਚੁੱਪ ਦਾ ਅਨੁਵਾਦ ਕਰਦਾ ਹਾਂ

ਰਤਾ ਵੀ ਕਦਰ ਨਾ ਪਾਈ ਉਨ੍ਹਾਂ ਨੇ ਮੰਗ ਪੱਤਰ ਦੀ
ਉਨ੍ਹਾਂ ਨੂੰ ਜਾਪਦਾ ਹੈ ਇਹ ਕਿ ਮੈਂ ਫ਼ਰਿਆਦ ਕਰਦਾ ਹਾਂ

ਖ਼ਰੇ ਕੈਸਾ ਜ਼ਮਾਨਾ ਆ ਗਿਆ ਅਪਣੇ ਨਗਰ ਵਿਚ ਵੀ
ਪਤਾ ਘਰ ਦਾ ਘਰੋਂ ਚੱਲਣ ਤੋਂ ਪਹਿਲਾਂ ਯਾਦ ਕਰਦਾ ਹਾਂ

ਦੁਬਾਰਾ ਫੇਰ ਤੋਂ ਆਬਾਦ ਹੋ ਕੇ ਦੇਖਾਂ ਇਕ ਵਾਰੀ
ਇਸੇ ਕਰਕੇ ਮੈਂ ਅਪਣੇ ਆਪ ਨੂੰ ਬਰਬਾਦ ਕਰਦਾ ਹਾਂ

ਕਲਮ ਨੂੰ ਰੱਖ ਜਾ ਗਹਿਣੇ ਹਮੇਸ਼ਾ ਵਾਸਤੇ ਇੱਥੇ
ਤੇ ਮੈਨੂੰ ਆਖਦਾ ਹੈ ਲੈ! ਤੈਨੂੰ ਆਜ਼ਾਦ ਕਰਦਾ ਹਾਂ

ਦਿੱਲੀ ਜਿਸ ਬੰਦੇ ਦੀ ਹਾਮੀ ਭਰਦਾ ਹੈ
ਜੰਗਲ ਅੱਗ ਲਈ ਉਸਦਾ ਨਾਂ ਧਰਦਾ ਹੈ

ਦੇਖੋ! ਪੰਛੀ ਬਹਿਸ ਹਵਾ ਸੰਗ ਕਰਦਾ ਹੈ
ਜਾਨ ਜਾਣ ਤੋਂ ਭੋਰਾ ਵੀ ਨਾ ਡਰਦਾ ਹੈ

ਸ਼ਹਿਰੋ ਰੱਦੀ ਅਖ਼ਬਾਰਾਂ ਲੈ ਆਉਂਦੈ ਉਹ
ਏਦਾਂ ਅਪਣੇ ਖ਼ਾਲੀਪਨ ਨੂੰ ਭਰਦਾ ਹੈ

ਘਰ ਨੂੰ ਲੱਗੀ ਅੱਗ ਨਹੀਂ ਜਰਦਾ ਕੋਈ
ਸੀਨੇ ਲੱਗੀ ਅੱਗ ਹਰ ਕੋਈ ਜਰਦਾ ਹੈ



ਹਰ ਇਕ ਦੇ ਮਨ ਵਿਚ ਹੈ ਗੱਲ ਬਗ਼ਾਵਤ ਦੀ
ਗੱਲ ਕਰਨ ਤੋਂ ਪਰ ਹਰ ਕੋਈ ਡਰਦਾ ਹੈ

ਸ਼ਾਇਦ ਇਸ ਕਰਕੇ ਅਪਣੀ ਥਾਂ ਲੜਦਾ ਨੀਂ
ਬਿਨ ਲੜਿਆਂ ਵੀ ਯਾਰੋ! ਮੇਰਾ ਸਰਦਾ ਹੈ

ਆਖ ਦਿਆਂ ਰਾਜੇ ਨੂੰ ਮਾੜਾ ਮੂੰਹ ਉੱਤੇ
ਕੀ ਦੱਸਾਂ ਦਿਲ ਤਾਂ ਮੇਰਾ ਵੀ ਕਰਦਾ ਹੈ

ਜੇਕਰ ਹੋਰਾਂ ਖਾਤਰ ਮਰਦਾ ਰੋ ਲੈਂਦੇ
ਅਪਣੀ ਆਈ ਤਾਂ ਹਰ ਕੋਈ ਮਰਦਾ ਹੈ

ਹੁੰਦੀ ਹੈ ਕਮਜ਼ੋਰੀ ਹਾਰਨ ਦੇ ਪਿੱਛੇ
ਦੱਸੋ! ਏਦਾਂ ਕੌਣ ਲੜਾਈ ਹਰਦਾ ਹੈ

ਸਾਂਤ ਜਿਹਾ ਹੋ ਜਾਂਦਾ ਹੈ ਬੱਦਲ ਵਰ੍ਹ ਕੇ
ਤਪਦੀ ਧਰਤੀ ਦਾ ਸੀਨਾ ਕਦ ਠਰ੍ਹਦਾ ਹੈ

□

ਗ਼ਜ਼ਲ ਕਰਕੇ ਹੀ ਹਰ ਇਲਜ਼ਾਮ ਆਇਆ ਹੈ
ਗ਼ਜ਼ਲ ਲਿਖ ਕੇ ਹੀ ਪਰ ਆਰਾਮ ਆਇਆ ਹੈ

ਬਣਾ ਇਕ ਗੀਤ ਮੇਰੀ ਭਟਕਣਾ ਬਾਰੇ
ਕਵੀ ਨੂੰ ਪੌਣ ਦਾ ਪੈਗ਼ਾਮ ਆਇਆ ਹੈ

ਤੁਸੀਂ ਸ਼ਹਿਰੀ ਤੁਹਾਨੂੰ ਕੀ ਪਤਾ ਮੈਨੂੰ
ਕਿ ਏਦਾਂ ਚੀਕਿਆਂ ਆਰਾਮ ਆਇਆ ਹੈ

ਮਿਰੇ ਘਰ ਨੂੰ ਹੀ ਲੱਗੀ ਅੱਗ ਹੈ ਦੇਖੋ!
ਅਤੇ ਮੇਰੇ 'ਤੇ ਹੀ ਇਲਜ਼ਾਮ ਆਇਆ ਹੈ

ਲੈ ਦਾਰੂ ਪੀਣ ਵਿਚ ਆਰਾਮ ਉਹ ਕਿੱਥੇ
ਕਿ ਜਿਹੜਾ ਜ਼ਹਿਰ ਪੀ ਆਰਾਮ ਆਇਆ ਹੈ



□

ਹਾਲ ਪੁੱਛੋ! ਜੇ ਕਿਸੇ ਨੂੰ ਫੇਰ ਵੀ ਨੀਂ ਬੋਲਦਾ
ਕੀ ਬਣੇਗਾ ਸਾਲਮਾ! ਕੋਈ ਵੀ ਮੂੰਹ ਨੀਂ ਖੋਲ੍ਹਦਾ

ਡੋਲਦੀ ਹੈ ਧਰਤ ਵੀ ਕੁਝ ਚਿਰ ਦੇ ਮਗਰੋਂ ਸੁਣਿਆ ਹੈ
ਏਸ ਪਾਪੀ ਬਾਦਸ਼ਾਹ ਦਾ ਤਖ਼ਤ ਕਿਉਂ ਨੀਂ ਡੋਲਦਾ

ਏਸ ਗੱਲੋਂ ਬਹੁਤ ਡਰਦਾਂ ਡਰ ਨ ਜਾਵਣ ਉਹ ਕਿਤੇ
ਦੋਸਤਾਂ ਦੇ ਨਾਲ ਵੀ ਦੁਖ ਸੁਖ ਨਹੀਂ ਮੈਂ ਫੋਲ੍ਹਦਾ

ਪੀ ਨਹੀਂ ਸਕਿਆ ਕਦੇ ਵੀ ਅੱਜ ਤਕ ਮੈਂ ਜ਼ਹਿਰ ਨੂੰ
ਅੰਦਰੋਂ ਅੰਦਰ ਰਹਾਂ ਪਰ ਜ਼ਹਿਰ ਯਾਰੋ! ਘੋਲਦਾ

ਵਰਕਿਆਂ ਵਿਚ ਕੀ ਪਿਆ ਹੈ ਦਰਦ ਮੇਰੇ ਦਿਲ 'ਚ ਹੈ
ਕਿਹੜੀ ਥਾਂ ਦੀ ਚੀਜ਼ ਨੂੰ ਉਹ ਕਿਹੜੀ ਥਾਂ 'ਤੇ ਟੋਲਦਾ

□

ਮਨ ਬੜ੍ਹਾ ਬੇਚੈਨ ਬੇਆਰਾਮ ਹੈ
ਮੇਰੀ ਹਰ ਕੋਸ਼ਿਸ਼ ਅਜੇ ਨਾਕਾਮ ਹੈ

ਇੱਕ ਵੀ ਪੰਛੀ ਨ ਵਾਪਸ ਪਰਤਿਆ
ਅੱਜ ਖ਼ਬਰੇ ਕਿਸ ਤਰ੍ਹਾਂ ਦੀ ਸ਼ਾਮ ਹੈ

ਫੇਰ ਵੀ ਤੂੰ ਜੀਅ ਲਿਆ ਹੈਰਾਨ ਹਾਂ
ਨਾ ਕਿਤੇ ਆਗ਼ਾਜ਼ ਨਾ ਅੰਜ਼ਾਮ ਹੈ

ਆਦਮੀ ਨੇ ਖ਼ੁਦ ਡੁਬੋਇਆ ਆਦਮੀ
ਨਹਿਰ ਉੱਤੇ ਫਿਰ ਕਿਹਾ ਇਲਜ਼ਾਮ ਹੈ

ਚੀਕ ਮਾਰੋ ਹੋਰ ਜੇ ਹੁੰਦਾ ਨਹੀਂ
ਬਸ! ਇਹੀ ਮੇਰਾ ਅਜੇ ਪੈਗ਼ਾਮ ਹੈ

ਚੋਰ ਹੈ ਬਾਜ਼ਾਰ ਵਿਚ ਹਰ ਆਦਮੀ
ਸ਼ਹਿਰ ਮੇਰਾ ਇਸ ਲਈ ਬਦਨਾਮ ਹੈ



□

ਫ਼ਰਜ਼ ਤਾਂ ਬਣਦੈ ਮਿਰਾ ਕੁਝ ਕਰਨ ਦਾ
ਹੌਸਲਾ ਹੈ ਨੀਂ ਮਿਰੇ ਵਿਚ ਮਰਨ ਦਾ

ਮੈਂ ਲੜਾਈ ਹੀ ਨਹੀਂ ਲੜਦਾ ਕੋਈ
ਮਨ 'ਚ ਮੇਰੇ ਡਰ ਹੈ ਇੰਨਾ ਹਰਨ ਦਾ

ਮੁਖ਼ਬਰੀ ਕਰ ਦਿੱਤੀ ਤੇਰੀ ਪੌਣ ਨੇ
ਹੁਣ ਨਤੀਜਾ ਦੇਖ ਹੌਕਾ ਭਰਨ ਦਾ

ਆਮ ਹੀ ਏਥੇ ਬਹਾਨਾ ਲੱਭ ਜੇ
ਹਰ ਕਿਸੇ ਨੂੰ ਖ਼ੁਦਕੁਸ਼ੀ ਤਕ ਕਰਨ ਦਾ

ਮਰਨ ਤੋਂ ਵੀ ਇਹ ਮਹਿੰਗਾ ਪੈ ਰਿਹੈ
ਲਾਭ ਕੀ ਹੈ ਫੇਰ ਦੱਸੋ! ਡਰਨ ਦਾ

□

ਕੀ ਪਤਾ ਏਸਨੂੰ ਇਹ ਤਾਂ ਬੇਹੋਸ਼ ਹੈ
ਪਰ ਪਤਾ ਹੈ ਜਿਨੂੰ ਹਾਇ! ਖ਼ਾਮੋਸ਼ ਹੈ

ਚੀਕ ਖ਼ੁਦ ਨਿੱਕਲੇ ਚੀਸ ਜਦ ਉੱਠਦੀ
ਦੱਸ! ਇਹਦੇ 'ਚ ਮੇਰਾ ਕੋਈ ਦੋਸ਼ ਹੈ

ਕੁਝ ਕੁ ਏਦਾਂ ਘਿਰੇ ਹਨ, ਉਨ੍ਹਾਂ ਕੋਲ ਤਾਂ
ਚੀਕ ਮਾਰਨ ਲਈ ਵੀ ਕਿੱਥੇ ਹੋਸ਼ ਹੈ

ਕੀ ਪਤਾ ਕਿਸ ਨਜ਼ਰ ਨਾਲ ਇਹ ਦੇਖਦੇ
ਜ਼ਖ਼ਮੀ ਨੂੰ ਆਖਦੇ ਨੇ ਕਿ ਮਦਹੋਸ਼ ਹੈ

ਕੀ ਲੜਾਈ ਲੜੇਗਾ ਭਲਾ! ਇਸ ਤਰ੍ਹਾਂ
ਹੋਸ਼ ਹੈ ਤੇ ਨਾ ਹੀ ਏਸ ਵਿਚ ਜੋਸ਼ ਹੈ



□

ਹੋ ਗਿਆ ਹੈ ਜ਼ਹਿਰ ਜੋ ਉਹ ਆਬ ਹਾਂ
ਪੁੱਤਰਾ! ਪਹਿਚਾਣ ਮੈਂ ਪੰਜਾਬ ਹਾਂ

ਹਿੱਕ ਦੀ ਅੱਗ ਤੋਂ ਬਚਾਉਂਦੈ ਤੈਨੂੰ ਜੋ
ਹਿੱਕ ਤੇਰੀ ਦਾ ਮੈਂ ਉਹ ਸੈਲਾਬ ਹਾਂ

ਨੀਂਦ ਹੀ ਆਉਂਦੀ ਨਹੀਂ ਤੈਨੂੰ ਤਾਂ ਹੁਣ
ਮੈਂ ਤਾਂ ਤੇਰੀ ਨੀਂਦ ਵਿਚਲਾ ਖ਼ਾਬ ਹਾਂ

ਛੂਹਣ ਤੋਂ ਨਾ ਡਰ ਤੂੰ ਮੈਨੂੰ ਦੋਸਤਾ!
ਮੈਂ ਨਹੀਂ ਹਾਂ ਅਗਨ ਮੈਂ ਤਾਂ ਆਬ ਹਾਂ

ਦਸਦਿਆਂ ਡਰ ਲੱਗਦੈ ਪਰਭਾਤ ਨੂੰ
ਖ਼ਾਬ ਆਉਂਦੈ ਕਿਸ ਤਰ੍ਹਾਂ ਦਾ ਰਾਤ ਨੂੰ

ਸੁਣਦਿਆਂ ਡਰ ਜਾਏ ਜਿਸਨੂੰ ਆਦਮੀ
ਮੈਂ ਲੁਕਾ ਲੈਂਦਾ ਹਾਂ ਐਸੀ ਬਾਤ ਨੂੰ

ਦੋਸ਼ ਕਿਸਨੂੰ ਦੇਵਾਂ ਇਸ ਸਭ ਕੁਝ ਲਈ
ਆਪਣੇ ਆਪੇ ਨੂੰ ਜਾਂ ਹਾਲਾਤ ਨੂੰ

ਬਾਦਸ਼ਾਹੀ ਸਾਡੇ ਸਿਰ ’ਤੇ ਕਰ ਰਿਹੈਂ
ਜਾਣਦਾ ਹਾਂ ਮੈਂ ਤਿਰੀ ਔਕਾਤ ਨੂੰ

ਮਾਰ ਹੀ ਦੇ ਐ ਹਵਾ! ਇਹ ਠੀਕ ਹੈ
ਪਰ ਡਰਾਇਆ ਕਰ ਨ ਮੈਨੂੰ ਰਾਤ ਨੂੰ



ਜਦੋਂ ਵੀ ਚੀਕਦੀ ਹੈ ਚੁਪ ਕਰਾ ਦਿਆਂ ਜ਼ਮੀਰ ਨੂੰ
ਮੈਂ ਏਸ ਖੇਡ ਵਿੱਚ ਰੋਜ਼ ਜਿੱਤਦਾਂ ਅਖ਼ੀਰ ਨੂੰ

ਹਵਾ ਦੇ ਵਹਿਣ ਨੂੰ ਕਦੇ ਵੀ ਫ਼ੌਜ ਜਿੱਤਦੀ ਨਹੀਂ
ਪਤਾ ਨਹੀਂ ਰਤਾ ਵੀ ਏਸ ਗੱਲ ਦਾ ਵਜ਼ੀਰ ਨੂੰ

ਸਫ਼ਰ ਮਿਰੇ ’ਚ ਹੈ ਨਹੀਂ ਕੋਈ ਕਥਾ ਪਿਆਸ ਦੀ
ਕਦੇ ਨ ਜ਼ਹਿਰ ਛੁਹਿਆ ਨਾ ਕਦੇ ਮੈਂ ਛੁਹਿਆ ਨੀਰ ਨੂੰ

ਕੋਈ ਵੀ ਰਾਹ ਦਿਸ ਨਹੀਂ ਰਿਹਾ ਦਿਸ਼ਾ ’ਚ ਜਾਣ ਦਾ
ਤੇ ਆਪਣਾ ਪਤਾ ਵੀ ਭੁਲ ਗਿਆ ਹੈ ਰਾਹਗੀਰ ਨੂੰ

ਕਮਾਲ ਹੈ! ਲੈ ਦੇਖ ਕੁੱਲੀ ਨੂੰ ਹੀ ਮਹਿਲ ਆਖਦੈ
ਕਿ ਬਾਦਸ਼ਾਹ ਦਾ ਰਤਾ ਵੀ ਡਰ ਨਹੀਂ ਫ਼ਕੀਰ ਨੂੰ

ਕਿੰਨਾ ਡਰਦੈ ਹਾਕਮ ਦੀਆਂ ਮਨਾਹੀਆਂ ਤੋਂ
ਚੜ੍ਹਣੋਂ ਪਹਿਲਾਂ ਸੂਰਜ ਪੁੱਛੇ ਸਿਪਾਹੀਆਂ ਤੋਂ

ਚੌਂਕ ’ਚ ਉਗਿਆ ਰੁੱਖ ਹਰ ਰੋਜ਼ ਹੀ ਪੁਛਦਾ ਹੈ
ਜੰਗਲ ਦਾ ਰਾਹ ਆਉਂਦੇ ਜਾਂਦੇ ਰਾਹੀਆਂ ਤੋਂ

ਫੇਰ ਕਦੇ ਨਹੀਂ ਹਰਨਾ ਬਾਦਸ਼ਾਹੀਆਂ ਨੇ
ਜੇਕਰ ਅੱਜ ਤੂੰ ਡਰ ਗਿਆ ਬਾਦਸ਼ਾਹੀਆਂ ਤੋਂ

ਨਾ ਮੈਂ ਬਾਗ਼ੀ ਨਾ ਬਾਗ਼ੀ ਸੁਰ ਵਾਲਾ ਰਾਗ਼ੀ
ਹਾਏ! ਫਿਰ ਵੀ ਕਿਉਂ ਡਰਦਾ ਹਾਂ ਸਿਪਾਹੀਆਂ ਤੋਂ



ਵਕਤ ਵੀ ਤਖ਼ਤ ਵੀ ਸਭ ਤਿਰੇ ਨਾਲ ਹੈ
ਤੇ ਮਿਰੇ ਕੋਲ ਬਸ! ਲੜਨ ਦਾ ਖ਼ਿਆਲ ਹੈ

ਇਹ ਪਤਾ ਹੈ ਕਿ ਤਲਵਾਰ ਨੀਂ ਸ਼ਾਇਰੀ
ਪਰ ਮਿਰੇ ਵਾਸਤੇ ਸ਼ਾਇਰੀ ਢਾਲ ਹੈ

ਦੇਣਗੇ ਚੀਰ ਧੁਰ ਰੂਹ ਦੇ ਤੀਕ ਜੋ
ਐਸੇ ਜ਼ਖ਼ਮਾਂ ਦੀ ਮੈਨੂੰ ਅਜੇ ਭਾਲ਼ ਹੈ

ਵਗ ਰਹੀ ਹੈ ਇਕੋ ਹੀ ਦਿਸ਼ਾ ਵੱਲ ਜੋ
ਏਸਦੇ ਵਿਚ ਹਵਾ ਦੀ ਕੋਈ ਚਾਲ ਹੈ

ਯਾ ਖ਼ੁਦਾ! ਰਖ ਲਵੀਂ ਲਾਜ਼ ਜੰਗਲ ਦੀ ਤੂੰ
ਅੱਗ ਦੇ ਸਾਮ੍ਹਣੇ ਫੁੱਲਾਂ ਦੀ ਡਾਲ ਹੈ

ਜ਼ਖ਼ਮ, ਚੀਸਾਂ ਅਤੇ ਦਰਦ ਜਾਂ ਹੋਰ ਕੁਝ
ਜਿੱਤ ਜਾਣੈ ਜੇ ਏਹੋ ਜਿਹਾ ਨਾਲ ਹੈ

ਸੁਪਨਿਆਂ ਵਿੱਚ ਪਰਵਾਜ਼ ਹੈ ਪੰਛੀ ਦੇ
ਐ ਸ਼ਿਕਾਰੀ! ਤਿਰੇ ਕੋਲ ਜੇ ਜਾਲ਼ ਹੈ

ਗੱਲ ਕਿੱਦਾਂ ਕਰਾਂ ਮੈਂ ਇਨ੍ਹਾਂ ਕੋਲ ਬਹਿ
ਗੀਤ ਨੂੰ ਆਖਦੇ ਨੇ ਕਿ ਇਹ ਗਾਲ੍ਹ ਹੈ

ਸਾਥ ਦੀ ਗੱਲ ਏਨੀ ਕੁ ਹੈ ਦੋਸਤਾ!
ਆਪਣੀ ਛਾਂ ਹੀ ਬਸ! ਆਪਣੇ ਨਾਲ ਹੈ

ਮਨ 'ਚ ਜਿਹੜੀ ਉੱਛਲੀ ਉਹ ਲਹਿਰ ਹੈ
ਫੇਰ ਕੀ ਜੇ ਵਜ਼ਨ ਹੈ ਨਾ ਬਹਿਰ ਹੈ

ਡੁੱਬਿਆਂ ਦੀ ਦੱਸ! ਕਿਉਂ ਗਿਣਤੀ ਕਰੇ
ਏਸਨੂੰ ਕੀ ਨਹਿਰ ਆਖ਼ਰ ਨਹਿਰ ਹੈ

ਥਾਂ ਕੁ ਥਾਂ ਭਟਕਾਂ ਤਿਹਾਇਆ ਉਮਰ ਤੋਂ
ਜ਼ਹਿਰ ਦੇ ਦੇ ਕੋਲ ਜੇਕਰ ਜ਼ਹਿਰ ਹੈ

ਜਾਣਿਆ ਸ਼ੀਸ਼ਾ ਮੈਂ ਹਰ ਇਕ ਸ਼ਖ਼ਸ ਨੂੰ
ਕੀ ਪਤਾ ਸੀ ਪੱਥਰਾਂ ਦਾ ਸ਼ਹਿਰ ਹੈ

ਇਹ ਝਨਾਂ ਹੈ ਇਸ਼ਕ ਦਾ ਦੇਖੀਂ! ਜ਼ਰਾ
ਜਾਨਲੇਵਾ ਏਸਦੀ ਹਰ ਲਹਿਰ ਹੈ



ਦੱਸੋ! ਹੋਰ ਮੈਂ ਕੀ ਹਾਂ ਜੇਕਰ ਦਾਸ ਨਹੀਂ
ਮੇਰਾ ਅੱਜ ਨਹੀਂ ਮੇਰਾ ਇਤਿਹਾਸ ਨਹੀਂ

ਮਨ ਏਨਾ ਬੁਝਿਆ ਹੈ ਮੇਰਾ ਕੀ ਦੱਸਾਂ
ਸੂਰਜ ਕੱਲ ਚੜ੍ਹੇਗਾ ਮੈਨੂੰ ਆਸ ਨਹੀਂ

ਉਹ ਅਗਨੀ ਹੈ ਤੇਰੇ ਸੀਨੇ, ਤਖ਼ਤ ਡਰੇ
ਪਰ ਤੈਨੂੰ ਉਸ ਅਗਨੀ ਦਾ ਅਹਿਸਾਸ ਨਹੀਂ

ਦੁਖ ਬਹੁਤਾ ਇਸ ਗੱਲ ਦਾ, ਜ਼ਖ਼ਮੀ ਹੋਇਆ ਹਾਂ
ਦਰਦ ਜ਼ਖ਼ਮ ਦਾ ਮੈਨੂੰ ਕੋਈ ਖ਼ਾਸ ਨਹੀਂ

ਲੈ ਆਉਂਦੀ ਹੈ ਤੈਨੂੰ ਮੇਰੇ ਤਕ ਭਟਕਣ
ਐ ਸਾਲਮ! ਇਹ ਤੇਰੀ ਰੂਹ ਦੀ ਪਿਆਸ ਨਹੀਂ

ਜੋਰ ਸੀ ਜਿੰਨਾ ਕੁ ਓਨਾ ਜੀ ਗਿਆ
ਜੀ ਨ ਹੋਇਆ ਜ਼ਹਿਰ ਆਖ਼ਰ ਪੀ ਗਿਆ

ਆਖਿਆ ਸੀ ਅੱਗ ਨੂੰ ਛੇੜੀਂ ਨ ਤੂੰ
ਸਾੜ ਬੈਠਾ ਘਰ ਕਿਸੇ ਦਾ ਕੀ ਗਿਆ

ਸੈਂਕੜੇ ਸੂਰਜ ਛਿਪੇ ਪੱਛਮ ਦੇ ਵਿਚ
ਪਰਤਿਆ ਨਾ ਫੇਰ ਜਿਹੜਾ ਵੀ ਗਿਆ

ਖੁਲ ਗਈ ਲੈ ਅੱਖ ਸੁੱਤੇ ਸ਼ਹਿਰ ਦੀ
ਚੀਕ ਮਾਰਨ ਨਾਲ ਤੇਰਾ ਕੀ ਗਿਆ



ਕੀ ਦੱਸਾਂ ਜਦ ਪੀੜ ਗ਼ਜ਼ਲ ਵਿਚ ਢਲਦੀ ਹੈ
ਤੈਨੂੰ ਜਾਪੇ ਖੇਡ ਜਿਵੇਂ ਦੋ ਪਲ ਦੀ ਹੈ

ਉਸਦਾ ਚਾਨਣ ਕਿਧਰੇ ਨਜ਼ਰ ਨਹੀਂ ਆਉਂਦਾ
ਮੇਰੇ ਅੰਦਰ ਲਾਟ ਜਿਹੀ ਇਕ ਬਲਦੀ ਹੈ

ਕੱਚੇ ਘਰ ਢਹਿ ਜਾਂਦੇ ਪੱਕੇ ਰਹਿ ਜਾਂਦੇ
ਮੇਰੇ ਸ਼ਹਿਰ ਅਜਿਹੀ ਹਨ੍ਹੇਰੀ ਚਲਦੀ ਹੈ

ਅੱਗ ਬੁਝਾ ਕੇ ਚਿਰ ਹੋਇਆ ਉਹ ਜਾ ਸੁੱਤੇ
ਅੱਗ ਅਜੇ ਵੀ ਸੀਨੇ ਦੇ ਵਿਚ ਬਲਦੀ ਹੈ

ਦਿਨ ਹੀ ਚੜਨ ਨ ਦੇਣ ਕਿਤੇ ਇਹ ਹਾਕਮ ਹੁਣ
ਡਰ ਜਾਂਦਾ ਹਾਂ ਸ਼ਾਮ ਜਦੋਂ ਵੀ ਢਲਦੀ ਹੈ

ਮੇਰੇ ਕੋਲ ਸਾਜ਼ ਹੈ ਜੇਕਰ ਤਾਜ ਨਹੀਂ
ਮੈਂ ਕੋਈ ਤੇਰੇ ਹੁਕਮਾਂ ਦਾ ਮੁਹਤਾਜ ਨਹੀਂ

ਉਹ ਤਾਂ ਤੈਨੂੰ ਹਰ ਹਾਲਤ ਵਿਚ ਮੇਟਣਗੇ
ਤੈਨੂੰ ਅਪਣੇ ਮਿਟਣ 'ਤੇ ਜੇ ਇਤਰਾਜ਼ ਨਹੀਂ

ਸ਼ਾਇਰ ਹੀ ਸਮਝੇਗਾ ਰਮਜ਼ਾਂ ਦਿਲ ਦੀਆਂ
ਤੇਰੇ ਦੁਖ ਦਾ ਵੈਦਾਂ ਕੋਲ ਇਲਾਜ ਨਹੀਂ

ਹੁਣ ਕੀ ਲੋੜ ਸ਼ਿਕਾਰੀ ਨੂੰ ਦੱਸ ਜਾਲ਼ ਦੀ
ਪੰਛੀ ਦੇ ਹੀ ਖ਼ਿਆਲ 'ਚ ਜਦ ਪਰਵਾਜ਼ ਨਹੀਂ

ਕਿਹੜੇ ਕੰਮ ਦੀਆਂ ਇਹ ਗ਼ਜ਼ਲਾਂ ਸਾੜ ਦਿਓ
ਇਹਨਾਂ ਵਿਚ ਜੇ ਸਮਿਆਂ ਦੀ ਆਵਾਜ਼ ਨਹੀਂ

ਮੈਨੂੰ ਕੋਈ ਇਤਰਾਜ਼ ਨਹੀਂ ਫਿਰ ਪੌਣਾਂ 'ਤੇ
ਪੌਣਾਂ ਨੂੰ ਜੇ ਦੀਵੇ 'ਤੇ ਇਤਰਾਜ਼ ਨਹੀਂ



ਇਉਂ ਕਿਵੇਂ ਝੂਠੀ ਕਹਾਣੀ ਕਹਿ ਦਿਆਂ
ਅੱਗ ਨੂੰ ਮੈਂ ਕਿੰਝ ਪਾਣੀ ਕਹਿ ਦਿਆਂ

ਦੀਪ ਬਲਦੇ ਦੇਖ ਵਗਦੀ ਜਾਣ ਕੇ
ਪੌਣ ਨੂੰ ਕਿੱਦਾਂ ਸਿਆਣੀ ਕਹਿ ਦਿਆਂ

ਸੱਚ ਇਹ ਹੈ ਮਨ ਦਾ ਵੀ ਰਾਜਾ ਨਹੀਂ
ਕਹਿਣ ਨੂੰ ਤਾਂ ਦਿਲ ਦੀ ਰਾਣੀ ਕਹਿ ਦਿਆਂ

ਜੇ ਕਥਾ ਸੁਣਨੀ ਹੈ ਡੁੱਲ੍ਹੇ ਖ਼ੂਨ ਦੀ
ਏਸ ਦਰਿਆ ਦੀ ਕਹਾਣੀ ਕਹਿ ਦਿਆਂ

□

ਆਸ ਜੇਕਰ ਕੋਈ ਵੀ ਨਜ਼ਰ ਆਏ ਨਾ
ਹੋਰ ਕੋਈ ਵੀ ਰਸਤਾ ਕੋਈ ਦਰ ਨਹੀਂ
ਆਪਣੀ ਜਾਨ ਜੇਕਰ ਬਚੇ ਇਸ ਤਰ੍ਹਾਂ
ਚੀਕ ਮਾਰਨ ਦਾ ਫਿਰ ਕੋਈ ਵੀ ਡਰ ਨਹੀਂ

ਕੀ ਪਤਾ ਕੀ ਮਰਜ਼ ਹੈ ਕਿਹਾ ਰੋਗ ਹੈ
ਏਸਦੀ ਕੋਈ ਦਾਰੂ ਵੀ ਹੈ ਜਾਂ ਨਹੀਂ
ਮੈਨੂੰ ਜਾਪੇ ਕਿ ਦੇਹ ਵਿੱਚ ਤੜਪੇ ਕੋਈ
ਦਰਦ ਆਂਦਰ 'ਚ ਮੇਰੇ ਰਤਾ ਭਰ ਨਹੀਂ

ਜਾਪਦੈ ਲੈਣ ਹੌਕੇ ਦੀਵਾਰਾਂ ਅਤੇ
ਰੁੱਖ ਵਿਹੜੇ ਦਾ ਹਰ ਵਕਤ ਜਿਉਂ ਸਿਸਕਦੈ
ਸੋਚਦਾ ਹਾਂ ਇਹ ਕੀ ਬਣ ਗਿਆ ਦੋਸਤੋ!
ਮੈਂ ਬਣਾਇਆ ਸੀ ਜਿਹੜਾ ਇਹ ਉਹ ਘਰ ਨਹੀਂ

ਚੋਰ ਨੂੰ ਹੈ ਅਤੇ ਹਰ ਸਿਪਾਹੀ ਨੂੰ ਹੈ
ਚੋਰ ਤੋਂ ਵੱਧ ਇਹ ਬਾਦਸ਼ਾਹੀ ਨੂੰ ਹੈ
ਘਰ 'ਚ ਬੈਠੇ ਨੂੰ ਹੈ ਜਾਂਦੇ ਰਾਹੀ ਨੂੰ ਹੈ
ਕੌਣ ਹੈ ਦੱਸ! ਏਥੇ ਜਿਨੂੰ ਡਰ ਨਹੀਂ

ਪਾਉਣ ਜੋ ਵੀ ਗਿਆ ਸੀ ਨ ਉਹ ਲੱਭਿਆ
ਕੋਲ ਹੁੰਦਾ ਸੀ ਜੋ ਕੁੱਝ ਉਹ ਵੀ ਗਿਆ
ਕੀ ਕਰੇਗਾ ਵਿਚਾਰਾ ਮੁਸਾਫ਼ਿਰ ਇਹ ਹੁਣ
ਜਿੱਥੇ ਛਡ ਕੇ ਗਿਆ ਸੀ ਉਥੇ ਘਰ ਨਹੀਂ



□

ਝੁਕ ਗਿਆ ਸੀ ਰੁੱਖ ਭਾਵੇਂ ਵਕਤ ਸਾਵੇਂ
ਪਰ ਝੁਕੀ ਨਾ ਬੰਸਰੀ ਇਹ ਤਖ਼ਤ ਸਾਵੇਂ

ਓਸ ਵੇਲੇ ਹੋਸ਼ ਕਿੱਥੇ ਸੀ ਨਦੀ ਨੂੰ
ਨੀਰ ਵੀ ਪਥਰਾ ਗਿਆ ਸੀ ਰਕਤ ਸਾਵੇਂ

ਬਦਲ ਨਾ ਜਾਵੇ ਕਿਤੇ ਇਹ ਵਕਤ ਵਾਂਗੂੰ
ਆਦਮੀ ਜਿਹੜਾ ਖੜਾ ਹੈ ਵਕਤ ਸਾਵੇਂ

ਸੋਚਿਆ ਸੀ ਕੀ ਬਣਾਂਗਾ ਦੋਸਤੋ! ਪਰ
ਮੈਂ ਤਮਾਸ਼ਾ ਬਣ ਗਿਆ ਹਾਂ ਜਗਤ ਸਾਵੇਂ

ਜਾਨ ਤੋਂ ਵੀ ਵੱਧ ਹੈ ਉਸਨੂੰ ਫ਼ਕੀਰੀ
ਬਾਦਸ਼ਾਹੀ ਚੀਜ਼ ਕੀ ਹੈ ਮਸਤ ਸਾਵੇਂ

ਉਠ ਜਾਵਣ ਦੇ ਸੀਨੇ ਅੰਦਰ ਲਹਿਰ ਜ਼ਰਾ
ਮੈਂ ਡੁਬਣਾ ਹੈ ਐ ਪਾਣੀ! ਤੂੰ ਠਹਿਰ ਜ਼ਰਾ

ਇਸ ਵਾਰੀ ਮੇਰੀ ਤੇਹ ਹੈ ਸੁਕਰਾਤ ਜਿਹੀ
ਪਾਣੀ ਦੀ ਥਾਂ ਦੇ ਦੇ ਮੈਨੂੰ ਜ਼ਹਿਰ ਜ਼ਰਾ

ਦੇਖੀਂ ਜਮਿਆਂ ਖ਼ੂਨ ਤਰੇਗਾ ਪਾਣੀ 'ਤੇ
ਚੜ੍ਹ ਜਾਵਣ ਦੇ ਕੰਢੇ ਤੀਕਰ ਨਹਿਰ ਜ਼ਰਾ

ਮਾਫ਼ੀ ਮੰਗਦਾ ਹਾਂ ਯਾਰੋ! ਇਸ ਗੱਲ ਲਈ
ਏਧਰ ਓਧਰ ਹੋ ਜਾਂਦੀ ਹੈ ਬਹਿਰ ਜ਼ਰਾ

ਹੱਥੀਂ ਮਾਰਨ ਦੀ ਹੁਣ ਇਹਨੂੰ ਲੋੜ ਨਹੀਂ
ਆਪੇ ਮਰ ਜਾਵੇਗਾ ਕੁਝ ਚਿਰ ਠਹਿਰ ਜ਼ਰਾ



ਜਾਂਦੇ ਵਾਰੀ ਹੌਕਾ ਭਰਨਾ ਬਾਕੀ ਹੈ
ਹੁਣ ਤਾਂ ਬਸ! ਇਕ ਮੇਰਾ ਮਰਨਾ ਬਾਕੀ ਹੈ

ਇਸ ਤੋਂ ਬਿਨ ਮੈਂ ਸਭ ਕੁਝ ਕਰਕੇ ਵੇਖ ਲਿਆ
ਆਰੇ ਦੇ ਹੇਠਾਂ ਸਿਰ ਧਰਨਾ ਬਾਕੀ ਹੈ

ਕਿੰਨੀ ਵਾਰੀ ਹੋਰ ਲੜੇਗਾ ਇਉਂ ਰਾਹੀ
ਕਿੰਨੀ ਵਾਰੀ ਜਿੱਤਣਾ ਹਰਨਾ ਬਾਕੀ ਹੈ

ਕਿੰਨਾ ਚਿਰ ਹੋਇਆ ਮਰ ਚੁੱਕਿਆ ਉਹ ਤਾਂ ਬਸ!
ਹੁਣ ਤਾਂ ਸਭ ਦੇ ਸਾਵੇਂ ਮਰਨਾ ਬਾਕੀ ਹੈ

ਵਹਿਣ ਲਹੂ ਦਾ ਜਰਿਆ ਹੈ ਦਰਿਆਵਾਂ ਨੇ
ਇਸ ਤੋਂ ਅੱਗੇ ਹੋਰ ਕੀ ਜਰਨਾ ਬਾਕੀ ਹੈ

ਜੰਗਲ ਨੂੰ ਕਿਸਨੇ ਅੱਗ ਲਾਈ ਸਭ ਜਾਣਾਂ
ਹਾਂ ਪਰ ਇਸਨੂੰ ਸਾਬਤ ਕਰਨਾ ਬਾਕੀ ਹੈ

□

ਦੱਸ! ਕੀ ਜੀਣ ਹੈ ਡਰਦਿਆਂ ਡਰਦਿਆਂ
ਰੋਜ਼ ਕਿੱਦਾਂ ਬਚਾਂ ਮਰਦਿਆਂ ਮਰਦਿਆਂ

ਖ਼ੂਬ ਆਉਂਦਾ ਸੀ ਆਰਾਮ ਵੀ ਓਸਨੂੰ
ਪਰ ਤੜਪਦੀ ਵੀ ਸੀ ਬੱਦਲੀ ਵਰ੍ਹਦਿਆਂ

ਹੋ ਗਿਆ ਬਾਗ਼ੀ ਹਰ ਇੱਕ ਨੇ ਸੋਚਿਆ
ਚੀਕ ਮਾਰੀ ਸੀ ਰਾਹਗੀਰ ਨੇ ਡਰਦਿਆਂ

ਘਰ ਮਿਰਾ ਸਾੜਿਆ ਹੈ ਕਿਸੇ ਹੋਰ ਨੇ
ਨਾਮ ਇਉਂ ਅੱਗ ਦਾ ਮੈਂ ਕਿਵੇਂ ਧਰ ਦਿਆਂ

ਆਪ ਮੈਂ ਦੇਖਿਆ ਕੰਬਦੀ ਸੀ ਹਵਾ
ਵਾਰ, ਇਕ ਪੰਛੀ ਦੀ ਹਿੱਕ 'ਤੇ ਕਰਦਿਆਂ



□

ਮਨ 'ਚ ਸੀ ਜਿਹੜਾ ਕਦੇ ਅਹਿਸਾਸ ਲਿਖਿਆ ਨਾ ਗਿਆ
ਚਾਹਿਆ ਸੀ ਬਹੁਤ ਪਰ ਇਤਿਹਾਸ ਲਿਖਿਆ ਨਾ ਗਿਆ

ਮੈਂ ਨਦੀ ਨੂੰ ਅੰਤ ਤੀਕਰ ਖ਼ੈਰ ਸੁਖ ਲਿਖਦਾ ਰਿਹਾ
ਖ਼ਤ 'ਚ ਮੇਰੇ ਤੋਂ ਕਦੇ ਵੀ ਪਿਆਸ ਲਿਖਿਆ ਨਾ ਗਿਆ

ਸੋਚਿਆ ਸੀ ਮੈਂ ਲਿਖਾਂਗਾ ਅੱਖਰਾਂ ਵਿਚ ਚੀਕ ਨੂੰ
ਬਹੁਤ ਕੋਸ਼ਿਸ਼ ਵੀ ਕਰੀ ਕੁਝ ਖ਼ਾਸ ਲਿਖਿਆ ਨਾ ਗਿਆ

ਮਨ 'ਚ ਮੇਰੇ ਜੋ ਵੀ ਆਇਆ ਮੈਂ ਉਹੀ ਲਿਖਦਾ ਰਿਹਾ
ਆਸ ਮੈਨੂੰ ਹੈ ਨਹੀਂ ਸੀ ਆਸ ਲਿਖਿਆ ਨਾ ਗਿਆ

ਬਹੁਤ ਔਖਾ ਜਾਪਦਾ ਸੀ ਖ਼ੁਦ ਨੂੰ ਦੋਸ਼ੀ ਦੱਸਣਾ
ਆਪ ਅਪਣੇ ਵਾਸਤੇ ਬਣਵਾਸ ਲਿਖਿਆ ਨਾ ਗਿਆ

ਨਾ ਬਹਿ ਹੁੰਦਾ ਹੈ, ਮੈਥੋਂ ਚੁਪ ਹੋ ਕੇ
ਨਾ ਹੀ ਕਹਿ ਹੁੰਦਾ ਹੈ ਕੁੱਝ ਖਲੋ ਕੇ

ਡਰ ਯਾਰੋ! ਏਨਾ ਲਗਦਾ ਹੈ ਮੈਨੂੰ
ਮੈਂ ਹੌਕਾ ਵੀ ਭਰਦਾਂ ਬੂਹਾ ਢੋ ਕੇ

ਮਨ ਦੀ ਹਾਲਤ ਨਾ ਸਮਝ ਆਈ ਮੈਨੂੰ
ਹਾਸਾ ਨਿਕਲ ਗਿਆ ਜਦ ਹਟਿਆ ਰੋ ਕੇ

ਅੰਦਰ ਏਨੀ ਸ਼ਕਤੀ ਆਈ ਕਿੱਥੋਂ
ਪੰਛੀ ਉਡਿਆ ਕਿੱਦਾਂ ਜ਼ਖ਼ਮੀ ਹੋ ਕੇ

ਕੁੱਝ ਨਹੀਂ ਬਚਿਆ ਹੁਣ ਸਾੜਨ ਖਾਤਰ
ਅੱਗ ਕਰੇਗੀ ਕੀ ਮੇਰਾ ਘਰ ਟੋਹ ਕੇ

ਉਹ ਹਰ ਰੋਜ਼ ਜ਼ਖ਼ਮ ਦਿੰਦਾ ਹੈ ਮੈਨੂੰ
ਜਿਸ ਖਾਤਰ ਰੱਖੇ ਨੇ ਫੁੱਲ ਪਰੋ ਕੇ

ਜ਼ਖ਼ਮ, ਦਰਦ, ਗਮ ਲੈ ਆਇਆ ਹਾਂ ਕੀ ਕੀ
ਮੈਂ ਸਫ਼ਰ 'ਚ ਕੁੱਝ ਨਹੀਂ ਆਇਆ ਖੋ ਕੇ



ਮੈਂ ਹਾਂ ਪੱਥਰ ਨੀਂਹ ਦਾ ਉਹ ਨੀਰ ਹੈ
ਮੈਂ ਨਗਰਵਾਸੀ ਹਾਂ ਉਹ ਰਾਹਗੀਰ ਹੈ

ਬੰਸਰੀ ਹੈ ਕੋਲ ਤੇਰੇ ਡਰ ਨ ਤੂੰ
ਫੇਰ ਕੀ ਉਸ ਕੋਲ ਜੇ ਸ਼ਮਸ਼ੀਰ ਹੈ

ਰਹਿ ਸਕੇ ਜੋ ਯਾਦ ਚਿਹਰਾ ਆਪਣਾ
ਹਰ ਕਿਸੇ ਦੀ ਜੇਬ ਵਿਚ ਤਸਵੀਰ ਹੈ

ਵਿੰਨ੍ਹਦੇ ਵਗਦੀ ਹਵਾ ਨੂੰ ਸੋਚ ਨਾ
ਜੇ ਤਿਰੇ ਤਰਕਸ਼ 'ਚ ਕੋਈ ਤੀਰ ਹੈ

ਖ਼ੂਨ ਹੈ ਸਾਡੇ ਲਈ ਇਹ ਦੋਸਤੋ!
ਜੋ ਤੁਹਾਡੀ ਨਜ਼ਰ ਦੇ ਵਿਚ ਨੀਰ ਹੈ

## ਤੁਹਾਡੇ ਲਈ

.....................................................................



## ਤੁਹਾਡੇ ਲਈ

.....................................................................